# ੴ ਸਤਿਗੁਰ ਪ੍ਰਸਾਦਿ

# ਨਿਰਮਲ ਭੇਖ ਦਾ ਸੰਸਕ੍ਰਿਤ ਸਾਹਿਤ੍ਯ ਨੂੰ ਯੋਗਦਾਨ

ਸੰਤ ਗਿ:ਦਰਸ਼ਨ ਸਿੰਘ ਸ਼ਾਸ਼ਤ੍ਰੀ

ਸਾਹਿਤ੍ਯ ਸਮਾਜ ਦਾ ਦਰਪਣ ਹੁੰਦਾ ਹੈ । **"साहित्य–संगीत–कलाविहीनः साक्षात्पशुः पुच्छविषाणहीनः"**[१] ਸਮਾਜ ਜਿਸ ਤਰਾਂ ਦਾ ਹੋਵੇਗਾ ਉਹ ਉਸੇ ਤਰਾਂ ਸਾਹਿਤ੍ਯ ਵਿਚ ਪ੍ਰਤਿਬਿੰਬਿਤ ਰਹਿੰਦਾ ਹੈ । ਸਮਾਜ ਦੇ ਰੂਪ–ਰੰਗ, ਵ੍ਰਿਧੀ–ਹ੍ਰਾਸ, ਉੱਥਾਨ–ਪਤਨ, ਸੰਮ੍ਰਿੱਧੀ ਦੁਰਵ੍ਯਵਸਥਾ ਦੇ ਨਿਸ਼ਚਿਤ ਗਿਆਨ ਦਾ ਪ੍ਰਧਾਨ ਸਾਧਨ ਤਤਕਾਲੀਨ ਸਾਹਿਤ੍ਯ ਹੁੰਦਾ ਹੈ । ਇਸੇ ਤਰਾਂ ਸਾਹਿਤ੍ਯ ਸੰਸਕ੍ਰਿਤੀ (ਪਰੰਪਰਾ) ਦਾ ਵੀ ਪ੍ਰਧਾਨ ਵਾਹਨ ਹੁੰਦਾ ਹੈ । ਕਿਉਂਕਿ ਸੰਸਕ੍ਰਿਤੀ ਦੀ ਆਤਮਾ ਸਾਹਿਤ੍ਯ ਦੇ ਅੰਦਰੋਂ ਆਪਣੀ ਮਧੁਰ ਝਾਂਕੀ ਸਦਾ ਦਿਖਾਯਾ ਕਰਦੀ ਹੈ । ਸੰਸਕ੍ਰਿਤੀ ਦੇ ਉਚਿਤ ਪ੍ਰਚਾਰ–ਪ੍ਰਸਾਰ ਦਾ ਸਰਵ ਉਤਕ੍ਰਿਸ਼ਟ ਸਾਧਨ ਸਾਹਿਤ੍ਯ ਹੀ ਹੈ । ਸੰਸਕ੍ਰਿਤੀ ਦਾ ਮੂਲ ਸਤਰ ਜੇਕਰ ਭੌਤਿਕਵਾਦ ਦੇ ਉਪਰ ਆਸ਼੍ਰਿਤ ਰਹਿੰਦਾ ਹੈ ਤਾਂ ਉਥੋਂ ਦਾ ਸਾਹਿਤ੍ਯ ਕਦੀ ਭੀ ਆਧ੍ਯਾਤਮਿਕ ਨਹੀ ਹੋ ਸਕਦਾ ਔਰ ਜੇਕਰ ਸੰਸਕ੍ਰਿਤੀ ਦੇ ਭੀਤਰ ਆਧ੍ਯਾਤਮਿਕਤਾ ਦੀਆਂ ਦਿਬ੍ਯ ਭਾਵਨਾਵਾਂ ਹਿਲੋਰੇ ਮਾਰਦੀਆਂ ਹੋਵਣ ਤਾਂ ਉਸ ਦੇਸ਼ ਤਥਾ ਜਾਤੀ ਦਾ ਸਾਹਿਤ੍ਯ ਭੀ ਆਧ੍ਯਾਤਮਿਕਤਾ ਤੋਂ ਪ੍ਰਭਾਵਿਤ ਹੋਇ ਬਿਨਾਂ ਨਹੀ ਰਹਿ ਸਕਦਾ ।

ਸੰਸਕ੍ਰਿਤ ਸਾਹਿਤ੍ਯ ਦੀ ਮਹੱਤਤਾ ਨੂੰ ਪ੍ਰਦਰਸ਼ਿਤ ਕਰਨ ਵਾਲੇ ਅਨੇਕ ਕਾਰਣ ਵਿਦ੍ਯਮਾਨ ਹਨ ਸਰਵ ਪ੍ਰਥਮ ਪ੍ਰਾਚੀਨਤਾ ਦੀ ਦ੍ਰਿਸ਼ਟੀ ਤੋਂ ਇਹ ਸਾਹਿਤ੍ਯ ਬੇਜੋੜ ਹੈ । ਇਤਨਾ ਪ੍ਰਾਚੀਨ ਸਾਹਿਤ੍ਯ ਕਿਤੇ ਭੀ ਉਪਲਬਧ ਨਹੀਂ ਹੁੰਦਾ ਇਥੋਂ ਤਕ ਕਿ ਸੰਸਾਰ ਵਿਚ ਸਭ ਤੋਂ ਪ੍ਰਾਚੀਨ ਗ੍ਰੰਥ ਧਰਮ ਸਰਵਸ੍ਵ ਵੇਦ ਭਗਵਾਨ ਇਸੇ ਗੌਰਵਮਈ ਬਾਣੀ ਵਿਚ ਆਰਾਧਨੀਯ ਰਿਸ਼ੀਆਂ ਦ੍ਵਾਰਾ ਪਰਮਾਤਮਾ ਦੀ ਆਂਤਰਿਕ ਪ੍ਰੇਰਣਾ ਨਾਲ ਦ੍ਰਿਸ਼ਟ ਹੋਏ । ਆਧ੍ਯਾਤਮਿਕ ਗਹਿਰਾਈਆਂ ਨੂੰ ਸੁਲਝਾਉਣ ਵਾਲੇ ਤਥਾ ਮਾਨਵ ਮਸਤਕ ਦੇ ਚਰਮ ਵਿਕਾਸ ਨੂੰ ਪ੍ਰਗਟ ਕਰਨ ਵਾਲੇ ਉਪਨਿਸ਼ਦ ਭੀ ਇਸੇ ਭਾਸ਼ਾ ਵਿਚ ਅਭਿਵ੍ਯਕਤ ਕੀਤੇ ਗਏ। ਪ੍ਰਿਥਵੀ ਦੀ ਉਤਪੱਤੀ ਤੋਂ ਲੈ ਕੇ ਪ੍ਰਲਯ ਪ੍ਰਯੰਤ ਦਾ ਵਿਸਤ੍ਰਿਤ ਅਤੇ ਵਿਵਿਧ ਇਤਿਹਾਸ ਪ੍ਰਸਤੁਤ ਕਰਨ ਵਾਲੇ ਪੁਰਾਣਾਂ ਦੀ ਰਚਨਾ ਵੀ ਇਸੇ ਭਾਸ਼ਾ ਵਿਚ ਕੀਤੀ ਗਈ ਹੈ । ਸਾਰਾਂਸ਼ ਇਹ ਹੈ ਕਿ ਲੌਕਿਕ ਅਭ੍ਯੁਦਯ (ਉਨਤੀ) ਤਥਾ ਪਾਰਲੌਕਿਕ ਨਿਸ਼੍ਰੇਯਸ (ਆਨੰਦ) ਸਿੱਧੀ ਦੇ ਸਾਧਕ ਜਿਤਨੇ ਗਿਆਨ ਵਿਗਿਆਨ, ਕਰਮਕਾਂਡ, ਗਿਆਨਕਾਂਡ, ਤਥਾ ਸ਼ਾਸਤ੍ਰ ਔਰ ਪੁਰਾਣ ਹਨ ਉਹਨਾਂ ਸਾਰਿਆਂ ਨੂੰ ਗਿਆਤ ਕਰਨ ਦਾ ਉਪਾਯ ਸੰਸਕ੍ਰਿਤ ਭਾਸ਼ਾ ਹੀ ਹੈ। ਸੰਸਕ੍ਰਿਤ ਸਾਹਿਤ੍ਯ ਸਭ ਅੰਗਾਂ ਤੋਂ ਪਰੀਪੂਰਣ ਹੈ । ਮਾਨਵ ਜੀਵਨ ਵਾਸਤੇ ਚਾਰ ਹੀ ਪੁਰਸ਼ਾਰਥ ਹਨ ਧਰਮ, ਅਰਥ, ਕਾਮ, ਮੋਕਸ਼। ਸੰਸਕ੍ਰਿਤ ਸਾਹਿਤ੍ਯ ਵਿਚ ਇਹਨਾਂ ਚਾਰੇ ਪੁਰਸ਼ਾਰਥਾਂ ਦਾ ਵਿਵੇਚਨ ਬਹੁਤ ਵਿਸਤਾਰ ਤਥਾ ਵਿਚਾਰ ਪੂਰਵਕ ਕੀਤਾ ਗਿਆ ਹੈ ।

ਪ੍ਰਾਚੀਨਤਾ ਦੀ ਦ੍ਰਿਸ਼ਟੀ ਦੁਆਰਾ ਵੀ ਵਿਚਾਰ ਕੀਤਾ ਜਾਏ ਅਥਵਾ ਅਵਿਛਿੰਨਤਾ ਦੀ ਕਸੌਟੀ ਉੱਤੇ ਇਸ ਨੂੰ ਪਰਖਿਆ ਜਾਏ ਤਾਂ ਇਹ ਸਾਹਿਤ੍ਯ ਅਤਿਅੰਤ ਮਹੱਤਵਪੂਰਣ ਪ੍ਰਤੀਤ ਹੁੰਦਾ ਹੈ । ਸ਼੍ਰੀ ਗੁਰੂ ਨਾਨਕ ਦੇਵ ਜੀ ਦ੍ਵਾਰਾ ਚਲਾਏ ਗਏ ਭਗਤੀ ਆਧਾਰਿਤ ਸ੍ਵਤੰਤ੍ਰਤਾ ਅੰਦੋਲਨ ਦੇ ਸਾਂਸਕ੍ਰਿਤਿਕ ਆਧਾਰ ਨੂੰ ਦ੍ਰਿੜ ਕਰਨ ਲਈ ਸੰਸਕ੍ਰਿਤ ਵਿੱਦਿਆ ਦੇ ਅਧਿਐਨ ਦੀ ਅਤਿਅੰਤ ਆਵਸ਼੍ਯਕਤਾ ਸੀ । ਕਿਉਂਕਿ ਇਸ ਆਧਾਰ ਤੋਂ ਬਿਨਾ ਕੋਈ ਵੀ ਅੰਦੋਲਨ ਸਾਰਵਭੌਮ ਰੂਪ ਧਾਰਣ ਨਹੀ ਸੀ ਕਰ ਸਕਦਾ ।

---

१. साहित्यसंगीतकला विहीनः, साक्षात्पशुः पुच्छ विषाणहीनः ।
तृणन्नखादन्नपि जीवमानस्तद् भागधेयं परमं पशूनाम् ॥ ( नीति शतक, भर्तृहरि )

ਹਰ ਇਕ ਆਧੁਨਿਕ ਭਾਸ਼ਾ ਨੂੰ ਆਪਣੀ ਪਿਠ ਪਿਛੇ ਇਕ ਦੋ ਐਸੀਆ ਕਲਾਸਿਕੀ ਭਾਸ਼ਾਵਾਂ ਦੀ ਲੋੜ ਹੁੰਦੀ ਹੈ ਜਿਨਾਂ ਤੋਂ ਉਹ ਆਪਣੀਆਂ ਨਵੀਆਂ ਲੋੜਾਂ ਲਈ ਨਵੇਂ ਸ਼ਬਦਾਂ ਦੀ ਖੋਜ ਕਰਦੀ ਹੈ । ਜਿਹੜਾ ਕੰਮ ਯੂਰਪੀ ਭਾਸ਼ਾਵਾਂ ਲਈ ਲੇਟਿਨ ਤੇ ਗ੍ਰੀਕ ਭਾਸ਼ਾਵਾਂ ਕਰਦੀਆਂ ਹਨ ਲਗਭਗ ਉਹ ਕੰਮ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਲਈ ਸੰਸਕ੍ਰਿਤ ਭਾਸ਼ਾ ਕਰਦੀ ਆਈ ਹੈ ।

ਪੰਜਾਬ ਦੀ ਧਰਤੀ ਸੰਸਕ੍ਰਿਤ ਦੇ ਅਧਿਐਨ–ਅਧਿਆਪਨ ਦਾ ਮਹੱਤਵਪੂਰਣ ਕੇਂਦਰ ਰਹੀ ਹੈ । "ਤਕਸ਼ਸ਼ਿਲਾ" ਜੈਸਾ ਵਿਸ਼੍ਵ ਵਿਦਿਆਲਯ ਤੇ ਪਾਣਿਨੀ ਜੈਸਾ ਵ੍ਯਾਕਰਣ ਰਚਯਿਤਾ ਪੰਜਾਬ ਦੀ ਹੀ ਦੇਣ ਸਨ । ਪਰੰਤੂ ਕਾਲਾਂਤਰ ਵਿਚ ਵਿਦੇਸ਼ੀ ਹਮਲਿਆਂ ਕਰਕੇ ਪੰਜਾਬ ਦੇ ਸੰਸਕ੍ਰਿਤ ਕੇਂਦਰ ਨਸ਼ਟ ਹੁੰਦੇ ਗਏ ਤੇ ਉਹ ਅਧਿਕਤਰ ਦੂਸਰੇ ਪ੍ਰਦੇਸ਼ਾਂ ਵਿਚ ਜਾ ਬਣੇ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਆਉਣ ਤਕ ਪੰਜਾਬ ਵਿਚ ਸੰਸਕ੍ਰਿਤ ਦੀਆਂ ਜੜਾਂ ਬਹੁਤ ਕਮਜੋਰ ਹੋ ਚੁੱਕੀਆਂ ਸਨ । ਹਕੂਮਤ ਦੇ ਪਠਿਤ ਵਰਗ ਵਿਚ ਫ਼ਾਰਸੀ, ਅਰਬੀ ਦਾ ਵਧੇਰੇ ਬੋਲਬਾਲਾ ਸੀ । ਪਰ ਆਮ ਲੋਕਾਂ ਦੇ ਜੀਵਨ ਵਿਚ ਪੰਜਾਬੀ ਬੋਲੀ ਪ੍ਰਚਲਿਤ ਸੀ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸਮੇਂ ਦੇ ਬਹੁਤ ਵਡੇ ਵਿਦ੍ਵਾਨ ਸਨ । ਫ਼ਾਰਸੀ, ਅਰਬੀ, ਬ੍ਰਜ਼ੀ, ਤਿੰਗਲ, ਰੇਖਤਾ ਅਤੇ ਪੰਜਾਬੀ ਉਤੇ ਉਨਾਂ ਦਾ ਅਧਿਕਾਰ ਸੀ ਤੇ ਉਹਨਾਂ ਨੂੰ ਸੰਸਕ੍ਰਿਤ ਵੀ ਪੜਾਈ ਗਈ ਸੀ ।[੧] ਉਹਨਾਂ ਨੂੰ ਪ੍ਰਾਚੀਨ–ਭਾਰਤੀਯ ਸਾਹਿਤ੍ਯ ਤੇ ਉਸ ਦੇ ਸ਼੍ਰੋਤਾਂ ਬਾਰੇ ਪੂਰਣ ਗਿਆਨ ਸੀ ।

ਪੰਜਾਬ ਵਿਚ ਕਈ ਸ਼ਤਾਬਦੀਆਂ ਦੇ ਲੰਬੇ ਸਮੇਂ ਤੋਂ ਬਾਅਦ ਸ਼ਾਇਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਥਮ ਮਹਾਨ ਸ਼ਖਸ਼ੀਅਤ ਸਨ । ਜਿਨਾਂ ਨੇ ਇਹ ਮਹਿਸੂਸ ਕੀਤਾ ਕਿ ਪੰਜਾਬ ਵਿਚ ਸੰਸਕ੍ਰਿਤ ਭਾਸ਼ਾ ਜਿਸ ਤਰਾਂ ਲੁਪਤ ਹੁੰਦੀ ਜਾ ਰਹੀ ਹੈ ਉਸ ਨਾਲ ਇਥੋਂ ਦੇ ਲੋਕ ਬਹੁਤ ਵਡੀ ਪੁਰਾਤਨ ਤੇ ਭਰਪੂਰ ਸਾਂਸਕ੍ਰਿਤਕ ਵਿਰਾਸਤ ਤੋਂ ਟੁੱਟ ਜਾਣਗੇ ।[੨] ਇਸ ਸੰਕਲਪ ਨੂੰ ਮੁਖ ਰੱਖ ਕੇ ਉਹਨਾਂ ਨੇ ਆਪਣੇ ਪੰਜ ਨਿਰਮਲੇ ਸੰਤਾਂ ਨੂੰ ਸੰਸਕ੍ਰਿਤ ਵਾਂਙਮਯ ਦਾ ਗੂੜ ਅਧਿਐਨ ਕਰਨ ਵਾਸਤੇ ਕਾਸ਼ੀ ਭੇਜਿਆ ।[੩] ਉਥੇ ਕਈ ਵਰਸ਼ਾਂ ਦੇ ਅਧਿਐਨ–ਅਧਿਆਪਨ ਦ੍ਵਾਰਾ ਸੰਸਕ੍ਰਿਤ ਵਿਚ ਪਾਰੰਗਤ ਹੋ ਕੇ ਪੁਨਹ ਗੁਰੂ ਚਰਨਾਂ ਵਿਚ ਪਹੁੰਚ ਕਰਕੇ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਸੰਸਕ੍ਰਿਤ ਵਿੱਿਦਆ ਦੇ ਅਧਿਐਨ–ਅਧਿਆਪਨ ਦ੍ਵਾਰਾ ਸੰਸਕ੍ਰਿਤ ਵਿਦਿਆ ਦਾ ਪ੍ਰਚਾਰ–ਪ੍ਰਸਾਰ ਪ੍ਰਾਰੰਭ ਕਰ ਦਿੱਤਾ ।[੪] ਜਿਸ ਦਾ ਸਦਕਾ ਸਮਾਂ ਪਾ ਕੇ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿਚ ਵੀ ਨਿਰਮਲ ਸੰਪ੍ਰਦਾਯ ਦਾ ਮਹਾਨ ਵਿਕਾਸ ਹੋਇਆ । ਨਿਰਮਲੇ ਸੰਤਾਂ ਦੇ ਜੀਵਨ ਦਾ ਲਕਸ਼ ਕੇਵਲ ਪਰਮਾਰਥ ਤਤ੍ਵ ਦੇ ਮਨਨਸ਼ੀਲ ਹੋਣਾ ਅਤੇ ਉਸ ਪਰਮ ਤਤ੍ਵ ਦਾ ਪ੍ਰਚਾਰ–ਪ੍ਰਸਾਰ ਕਰਨਾ ਹੀ ਹੈ । ਪ੍ਰਚਾਰ ਦੋ ਤਰਾਂ ਹੋ ਸਕਦਾ ਹੈ:– ਇਕ ਰਸਨਾਂ ਦ੍ਵਾਰਾ ਤੇ ਦੂਸਰਾ ਲੇਖਨੀ ਦ੍ਵਾਰਾ । ਰਸਨਾਂ ਦ੍ਵਾਰਾ ਪ੍ਰਚਾਰ ਵੀ ਬਹੁਤ ਮਹੱਤਵ ਰਖਦਾ ਹੈ ਜਿਸ ਪ੍ਰਚਾਰ ਦੇ ਵਾਸਤੇ ਸੰਤਾਂ ਨੇ ਮਹਾਨ ਘਾਲਣਾ ਘਾਲੀ ਹੈ । ਉਸ ਦੇ ਨਾਲ–ਨਾਲ ਆਪਣੀ ਲੇਖਨੀ ਦਾ ਵੀ ਕਮਾਲ ਦਿਖਾਇਆ ਹੈ, ਕਿਉਂਕਿ ਲੇਖਨੀ ਦ੍ਵਾਰਾ

---

੧. ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥ (ਬਚਿਤਰ ਨਾਟਕ)

੨. ਡਾ. ਮਹੀਪ ਸਿੰਘ ੧੯੮੧ ਨਿਰਮਲ ਸੰਪ੍ਰਦਾਯ ਦੀ ਹਿੰਦੀ ਸਾਹਿਤ੍ਯ ਨੂੰ ਦੇਣ,
ਨਿਰਮਲ ਸੰਪ੍ਰਦਾਯ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ੨੬੭

੩. ਯਾ ਬਿਧਿ ਜਬਿ ਗੁਰੁ ਬੈਨ ਉਚਾਰੇ । ਮਾਨੇ ਸਹੀ ਸਿੱਖਨਿ ਦ੍ਰਿਢ ਧਾਰੇ ॥ ਤਬ ਹੀ ਬਸਨ ਕਖਾਇ ਸਜੈ ਕੈ । ਬਰ ਆਗ੍ਯਾ ਸਤਿਗੁਰੁ ਤੈ ਲੈ ਕੈ ॥ ਭਾਈ ਗੰਡਾ ਕਰਮਾ ਸੈਣਾ । ਭਾਈ ਬੀਰਾ ਰਾਮਾ ਐਣਾ ॥ ਜੋ ਫ਼ਿਰ ਸਤਿਗੁਰੁ ਸਿੰਘ ਸਜਾਏ । ਇਨ ਹੀ ਨਾਮੋ ਪਰ ਬਿਦਤਾਏ ॥
ਪਹੁੰਚੇ ਕਾਂਸ਼ੀ ਪੁਰੀ ਉਦਾਰੇ । ਚੇਤਨ ਮੱਠ ਮੈਂ ਰਹੇ ਵਿਚਾਰੇ ॥ ਸਾਧੁ ਨਿਰਮਲੇ ਤਹਿੰ ਬਿਦਤਾਏ । ਬਿਦ੍ਯਾ ਪਢੀ ਅਧਿਕ ਮਨ ਲਾਏ ॥
( ਪੰਥ ਪ੍ਰਕਾਸ਼ ਉ. ਬਿਸ੍ਰਾਮ ੫੮ )

੪. ਪੁਨ ਗੁਰੁ ਸੰਸਕ੍ਰਿਤ ਤੈ ਭਾਸ਼ਾ । ਉਨ ਤੈ ਗ੍ਰੰਥ ਕ੍ਰਏ ਅਨ੍ਯਾਸਾ ॥ ਉਪਨਿਸ਼ਦੈਂ ਸੁ ਭਾਗਵਤ ਭਾਰਥ । ਸ਼ੁੱਕਰਨੀਤੀ,ਆਗਮ ਸਾਰਥ ॥ ਕਰਮ–ਵਿਪਾਕ ਧਰਮ ਸਾਬੰਧੀ । ਰੁੱਦਰ ਯਾਮਲ, ਤੰਤ੍ਰ–ਸੰਧੀ ॥ ਭਾਸ਼ਾ ਕੀਨੇ ਇਤਿਕ ਬਿਸਾਲੈਂ । ਜੋਊ ਅਨੰਦਪੁਰ ਛੋਡਨ ਕਾਲੈਂ ॥ ਉਹੀ

ਪ੍ਰਚਾਰ ਵੀ ਇਕ ਜਾਦੂ ਸਿੱਧ ਹੁੰਦਾ ਹੈ । ਕਲਮ ਵਿਚ ਉਹ ਤਾਕਤ ਹੈ ਜੋ ਤੋਪਾਂ, ਹਵਾਈ ਜ਼ਹਾਜ਼ਾਂ ਅਤੇ ਰਾਕਟਾਂ ਵਿਚ ਵੀ ਨਹੀ । ਲੇਖਨੀ ਇਕ ਮਹਾ ਪ੍ਰਬਲ ਰਕਸ਼ਕ ਸ਼ਸ਼ਤ੍ਰ ਹੈ। ਮੁਰਦਾ ਰੂਹਾਂ ਅੰਦਰ ਨਵੀਂ ਜ਼ਿੰਦਗੀ ਤੇ ਨਵਾਂ ਜੀਵਨ ਭਰਨ ਦੀ ਯਦੀ ਕੋਈ ਸਮਰੱਥਾ ਰਖਦੀ ਹੈ ਤਾਂ ਉਹ ਕਲਮ ਹੈ । ਜਿਸ ਸੰਪ੍ਰਦਾਯ ਜਾਂ ਸ਼੍ਰੇਣੀ ਅੰਦਰ ਪ੍ਰਚਾਰ ਦਾ ਸਾਧਨ ਸਾਹਿਤ੍ਯ ਨਹੀਂ ਉਹ ਪ੍ਰਚਾਰ ਦੇ ਮੈਦਾਨ ਵਿਚ ਸਭ ਤੋਂ ਪਿਛੇ ਹੈ । ਇਸ ਉੱਦੇਸ਼ ਨੂੰ ਮੁਖ ਰੱਖ ਕੇ ਨਿਰਮਲੇ ਸੰਤਾਂ ਨੇ ਜਿਨੇ ਸਾਹਿਤ੍ਯ ਦੀ ਰਚਨਾਂ ਕੀਤੀ ਉਸ ਦੀ ਤੁਲਨਾਂ ਭਾਰਤ ਵਰਸ਼ ਵਿਚ ਕੋਈ ਵੀ ਸੰਪ੍ਰਦਾਯ ਨਹੀਂ ਕਰ ਸਕਦੀ । ਜਿਥੇ ਨਿਰਮਲੇ ਵਿਦ੍ਵਾਨਾਂ ਨੇ ਗੁਰਬਾਣੀ ਦੀਆਂ ਟੀਕਾਵਾਂ, ਪ੍ਰਯਾਯ, ਗੁਰੂ ਇਤਿਹਾਸ, ਛੰਦ ਸ਼ਸ਼ਤ੍ਰ, ਕੋਸ਼, ਭਾਈ ਗੁਰਦਾਸ ਜੀ ਦੀ ਬਾਣੀ ਦੀ ਵਿਆਖਿਆ, ਦਸਮ ਗ੍ਰੰਥ ਦੀ ਵਿਆਖਿਆ, ਹਿੰਦੀ, ਬ੍ਰਿਜ਼ ਭਾਸ਼ਾ ਅਤੇ ਪੰਜਾਬੀ ਆਦਿ ਭਾਸ਼ਾਵਾਂ ਵਿਚ ਕੀਤੀ । ਉਥੇ ਇਹਨਾਂ ਨੇ ਕਈ ਸੰਸਕ੍ਰਿਤ ਗ੍ਰੰਥਾਂ ਦੀ ਵੀ ਰਚਨਾਂ ਕੀਤੀ ਜੋ ਕਿ ਭਾਰਤੀਯ ਸੰਸਕ੍ਰਿਤ ਸਾਹਿਤ੍ਯ ਨੂੰ ਮਹਾਨ ਦੇਣ ਹੈ । ਜਿਸਦਾ ਮੂਲ੍ਯਾਂਕਨ ਹੇਠ ਲਿਖੇ ਆਧਾਰਾਂ ਤੇ ਕੀਤਾ ਜਾ ਸਕਦਾ ਹੈ ।

(੧) ਨਿਰਮਲੇ ਸੰਤਾਂ ਦ੍ਵਾਰਾ ਕੀਤੀਆਂ ਗਈਆਂ ਪ੍ਰਾਚੀਨ ਗ੍ਰੰਥਾਂ ਦੀਆਂ ਟੀਕਾਵਾਂ

(੨) ਨਿਰਮਲੇ ਸੰਤਾਂ ਦ੍ਵਾਰਾ ਕੀਤੇ ਗਏ ਗੁਰਬਾਣੀ ਰੂਪਾਂਤਰ ਅਤੇ ਟੀਕਾਵਾਂ

(੩) ਨਿਰਮਲੇ ਸੰਤਾਂ ਦ੍ਵਾਰਾ ਰਚਿਤ ਗੁਰੂ ਸਿਧਾਂਤ ਅਤੇ ਸ਼ਾਸ਼ਤ੍ਰ ਸੰਬੰਧੀ ਸੰਸਕ੍ਰਿਤ ਗ੍ਰੰਥ

(੪) ਨਿਰਮਲੇ ਸੰਤਾਂ ਦ੍ਵਾਰਾ ਰਚਿਤ ਸਿਖ ਇਤਿਹਾਸਿਕ ਸੰਸਕ੍ਰਿਤ ਕਾਵ੍ਯ ।

(੫) ਨਿਰਮਲੇ ਸੰਤਾਂ ਦ੍ਵਾਰਾ ਰਚਿਤ ਗੁਰੂ ਸਤੁਤੀ ਸਤੋਤ੍ਰ

## ਨਿਰਮਲੇ ਸੰਤਾਂ ਦ੍ਵਾਰਾ ਕੀਤੀਆਂ ਗਈਆਂ ਪ੍ਰਾਚੀਨ ਗ੍ਰੰਥਾਂ ਦੀਆਂ ਟੀਕਾਵਾਂ

(੧)ਸੁਗਮਸਾਰ ਚੰਦ੍ਰਿਕਾ

ਇਹ ਸ਼੍ਰੀ ਮਾਨ ਪੰਡਿਤ ਸੱਦਾ ਸਿੰਘ ਜੀ ਚੇਤਨ ਮੱਠ ਕਾਸ਼ੀ ਵਾਲਿਆਂ ਨੇ ਅਦ੍ਵੈਤ ਵੇਦਾਂਤ ਦੀ ਬ੍ਰਿਹਦ ਪ੍ਰਸਥਾਨਤ੍ਰਯੀ ਦਾ ਪ੍ਰਮੁਖ ਗ੍ਰੰਥ "ਅਦ੍ਵੈਤ ਸਿੱਧੀ" ਜੋ ਕਿ ਸ਼੍ਰੀ ਮਾਨ ਸ੍ਵਾਮੀ ਮਧੁਸੂਦਨ ਸਰਸ੍ਵਤੀ ਦ੍ਵਾਰਾ ਰਚਿਤ ਹੈ ਉਸ ਉਪਰ "ਸੁਗਮਸਾਰ ਚੰਦ੍ਰਿਕਾ" ਨਾਮਕ ਸੰਸਕ੍ਰਿਤ ਟੀਕਾ ਸੰਨ ੧੭੬੭ ਈ: ਵਿਚ ਕੀਤੀ ।[੧]

(੨)ਵੇਦਾਂਤ ਪਰਿਭਾਸ਼ਾ ਦੀ ਟੀਕਾ

ਸ਼੍ਰੀ ਮਾਨ ਪੰਡਿਤ ਗੋਬਿੰਦ ਸਿੰਘ ਜੀ ਕਾਸ਼ੀ ਵਾਲਿਆਂ ਨੇ ਵੇਦਾਂਤ ਸ਼ਾਸ਼ਤ੍ਰ ਦੇ ਪ੍ਰਕਰਣ ਗ੍ਰੰਥ ਵੇਦਾਂਤ ਪਰਿਭਾਸ਼ਾ ਉਪਰ ਸੰਸਕ੍ਰਿਤ ਟਿੱਪਣੀ ਤਥਾ ਹਿੰਦੀ ਵਿਆਖਿਆ ਸ਼ੰਕਾ ਸਮਾਧਾਨ ਪੂਰਵਕ ਕੀਤੀ । ਇਸ ਵੇਦਾਂਤ ਪਰਿਭਾਸ਼ਾ ਵਿਚ ਅੱਠ ਪਰਿਛੇਦ ਹਨ ਜਿਨਾਂ ਦੇ ਸ਼ੁਰੂ ਵਿਚ ਆਪ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲਾ ਚਰਣ ਅਤੇ ਅੰਤ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੰਗਲਾਚਰਣ ਕੀਤੇ ਹਨ । ਜੋ ਇਸ ਪ੍ਰਕਾਰ ਹਨ :–

कुर्वन्तः सत्कृतिं सन्तः संस्मरन्ति यमव्ययम् ।
येन केनाभिधानेन वन्द्योऽसौ नानको गुरुः ॥१॥
मूढस्तु मूढ एवास्ति तत्त्वज्ञस्त्वस्ति तत्त्ववित् ।
तस्मादर्थप्रबुद्धा ये ते सन्त्यत्राधिकारिणः ॥२॥

---

੧. ਸਤ੍ਰਾਂ ਸੈ ਪਚਾਨਵੇਂ ਮਾਹੈਂ । ਸੱਦਾ ਸਿੰਘ ਨੈ ਕਾਂਸ਼ੀ ਜਾਹੈ।
ਚੇਤਨ ਮਠ ਦਿਢ ਬਾਂਧਯੁ ਨੀਕਾ । ਕਿਯ ਅਦ੍ਵੈਤ ਸਿੱਧੀ ਪਰ ਟੀਕਾ । (ਪੰਥ ਪ੍ਰ. ੨੮੦੩)

ਇਸ ਮੰਗਲਾਚਰਣ ਦੇ ਦੁਆਰਾ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਤੁਤੀ ਤੇ ਨਾਲ ਹੀ ਇਕ ਸਲੋਕ ਵਿਚ ਵੇਦਾਂਤ ਸ਼ਾਸ਼ਤ੍ਰ ਦਾ ਅਧਿਕਾਰੀ ਕੌਣ ਹੈ ਇਸ ਦਾ ਵੀ ਪ੍ਰਤਿਪਾਦਨ ਕੀਤਾ ਹੈ । ਇਹ ਗ੍ਰੰਥ ਗੰਗਾ ਵਿਸ਼ਣੂ ਸ੍ਰੀ ਕ੍ਰਿਸ਼ਨ ਦਾਸ ਲਕਸ਼ਮੀਂ ਵੇਂਕਟੇਸ਼੍ਵਰ ਪ੍ਰੈਸ ਕਲਿਆਣ ਬੰਬਈ ਵਿਚ ਬਿਕ੍ਰਮੀ ਸੰਮਤ ੧੯੮੯ ਬਿਕ੍ਰਮੀ ਨੂੰ ਪ੍ਰਕਾਸ਼ਿਤ ਹੋਇਆ ।

(੩) ਪਦ ਕ੍ਰਿਤਯ ਸੰਸਕ੍ਰਿਤ ਟੀਕਾ

ਸ੍ਰੀ ਮਾਨ ਪੰਡਿਤ ਬੁੱਧ ਸਿੰਘ ਜੀ ਨੇ ਨਿਆਯ ਸ਼ਾਸ਼ਤ੍ਰ ਦਾ ਪ੍ਰਕਰਣ ਗ੍ਰੰਥ ਤਰਕਸੰਗ੍ਰਹ ਜੋ ਕਿ ਸੰਸਕ੍ਰਿਤ ਵਿਦਿਆਲਯਾਂ ਦੇ ਸਿਲੇਬਸ ਵਿਚ ਪੜਾਇਆ ਜਾਂਦਾ ਹੈ । ਉਸ ਦੇ ਉਪਰ "ਪਦਕ੍ਰਿਤਯ" ਨਾਮਕ ਸੰਸਕ੍ਰਿਤ ਟੀਕਾ ਕੀਤੀ ਜਿਸ ਵਿਚ ਆਪ ਜੀ ਨੇ ਇਕ-ਇਕ ਪਦ ਦਾ ਵਿਗ੍ਰਹ ਅਤੇ ਸਮਾਸ ਸਹਿਤ ਵਿਵੇਚਨ ਕੀਤਾ ਹੈ । ਇਹ ਟੀਕਾ ਸੰਸਕ੍ਰਿਤ ਸਾਹਿਤਯ ਵਿਚ ਇਤਨੀ ਮਹੱਤਵ ਪੂਰਣ ਸਿਧ ਹੋਈ ਕਿ ਇਸ ਟੀਕਾ ਉਪਰ ਕਈ ਵਿਦ੍ਵਾਨਾ ਨੇ ਸੰਸਕ੍ਰਿਤ ਤਥਾ ਹਿੰਦੀ ਟੀਕਾ ਕੀਤੀਆ ਹਨ ਜਿੰਨਾ ਦਾ ਵਰਤਮਾਨ ਸਮੇਂ ਵਿਚ ਸੰਸਕ੍ਰਿਤ ਪਠਿਤ ਵਰਗ ਅੰਦਰ ਅਧਿਐਨ ਅਧਿਆਪਨ ਕਰਵਾਇਆ ਜਾਂਦਾ ਹੈ ਜਿਸ ਦੇ ਮੰਗਲਾਚਰਨ ਸਲੋਕ ਦਾ ਪਦਕ੍ਰਿਤਯ ਟੀਕਾ ਇਸ ਤਰ੍ਹਾਂ ਹੈ :-

तर्कसंग्रहः :- निधाय हृदि विश्वेशं विधाय गुरुवन्दनम् ।
बालानां सुखबोधाय क्रियते तर्कसंग्रहः ॥

पदकृत्यम् :- विश्वेशं=जगत्कर्तारं, श्रीसाम्बमूर्तिं, हृदि=मनसि, निधाय=नितरां धारयित्वा, गुरुवन्दनं च, विधाय्= कृत्वेत्यर्थः । बालेति । अत्राऽधीतव्याकरणकाव्यकोषः अनधीतन्यायशास्त्रो बालः । व्यासादौ अतिव्याप्तिवारणाय अनधीतन्यायेति। स्तनन्धयेऽतिप्रसक्तिवारणाय अधीतव्याकरणेति ।सुखेति । सुखेन= अनायासेन्, बोधाय= पदार्थतत्त्वज्ञानायेत्यर्थः । तर्क्यन्ते= प्रमितिविषयीक्रियन्ते, इति तर्काः= द्रव्यादि-पदार्थाः, तेषां संग्रहः= संक्षेपेणोद्दोश-लक्षणपरीक्षा, यस्मिन् स ग्रन्थः । नाममात्रेण वस्तुसङ्कीर्तनम् उद्देशः, यथा-द्रव्यं गुण इति । असाधारण-धर्मो लक्षणम् । यथा-गन्धवत्त्वं पृथिव्याः । लक्षितस्य लक्षणं सम्भवति न वेति विचारः परीक्षा । अत्र उद्देशस्य फ़लं पक्षज्ञानं, लक्षणस्य इतरभेदज्ञानं, लक्षणे दोषपरिहारः परीक्षायाः फ़लमिति मन्तव्यम् ।[1]

(੪) ਸ਼ਬਦਾਰਥ ਬੋਧਿਨੀ

ਸ੍ਰੀ ਮਾਨ ਪੰ: ਗੁਰਦਿੱਤ ਸਿਘ ਜੀ ਨੇ ਸ੍ਰੀਮਾਨ ਪਰਮਹੰਸ ਪਰਿਵ੍ਰਾਜਕਾਚਾਰਯ ਸ੍ਵਾਮੀ ਪ੍ਰਕਾਸ਼ਾਨੰਦ ਯਤੀ ਕ੍ਰਿਤ ਵੇਦਾਂਤ ਸਿਧਾਂਤ ਮੁਕਤਾਵਲੀ ਦੇ ਮੂਲ ਸਲੋਕਾਂ ਦਾ ਹਿੰਦੀ ਕਾਵਯ ਅਨੁਵਾਦ ਕਰਕੇ ਫ਼ਿਰ ਉਹਨਾਂ ਸਲੋਕਾਂ ਵਿਚ ਆਏ ਪਦ ਪਦਾਰਥ ਨੂੰ ਖੋਲਣ ਵਾਸਤੇ "ਸ਼ਬਦਾਰਥ ਬੋਧਿਨੀਂ" ਨਾਮਕ ਹਿੰਦੀ ਟੀਕਾ ਬਹੁਤ ਵਿਸਤਾਰ ਪੂਰਵਕ ਲਿਖੀ ਹੈ :-

मूल :- जीवाश्रयाब्रह्मपदाह्यविद्यातत्त्वविन्मता ।
तद्विरुद्धमिदंवाक्यमात्मात्वज्ञानगोचरः ॥३॥

भाषा अनुवादः- ॥ चौपई ॥

जीवाश्रित औ ब्रह्म विषैनी । आहि अविद्या बुधजन बैनी ॥
अज़ान विषय आत्म पुन गायो । तत विरुद्ध यह वचन न भायो ॥

१. तर्कसंग्रहः पृष्ठ १ चौखम्भा सुरभारती प्रकाशन वाराणसी

हिन्दी टीका :- ब्रह्म को स्वयं प्रकाश होने से तिस में अज्ञान की विषयता नहीं संभवती यह पूर्ववादी ने कथन किया सो असंगत है । क्योंकि अविद्या की कल्पना करने वाले जीव के प्रति वह ब्रह्म स्वयं प्रकाश रुपता से सम्यकभान नही होता । और जिसके ज्ञान से मोक्ष हो तिसके अज्ञान से बंध होता है यह निर्विवाद है । और ब्रह्म के ज्ञान से मोक्ष होता है ।

ਇਸ ਪ੍ਰਕਾਰ ਇਹਨਾਂ ਮਹਾਂਪੁਰਸ਼ਾ ਨੇ ਵੇਦਾਂਤ ਦਾ ਜੋ ਵਿਸ਼ਯ ਜੀਵ ਬ੍ਰਹਮ ਦੀ ਏਕਤਾ ਉਸ ਦਾ ਵਿਸ਼ਲੇਸ਼ਣ ਇਸ ਗ੍ਰੰਥ ਦਾ ਹਿੰਦੀ ਕਾਵਯ ਅਨੁਵਾਦ ਅਤੇ "ਸ਼ਬਦਾਰਥ ਬੋਧਿਨੀ" ਹਿੰਦੀ ਟੀਕਾ ਦ੍ਵਾਰਾ ਗੂੜ ਉਕਤੀਆਂ-ਯੁਕਤੀਆਂ ਅਤੇ ਅਨੁਭਵ ਨਾਲ ਕੀਤਾ ਹੈ, ਇਸ ਅਦਭੁਤ ਰਚਨਾਂ ਨੂੰ ਪੜ੍ਹ ਕਰਕੇ ਪਤਾ ਚਲਦਾ ਹੈ ਕਿ ਉਹਨਾਂ ਮਹਾਂਪੁਰਖਾਂ ਦਾ ਬ੍ਰਹਮ ਚਿੰਤਨ, ਮੇਧਾ ਸ਼ਕਤੀ, ਪ੍ਰਤਿਭਾ, ਕਿੰਨੀ ਵਿਸ਼ਾਲ ਸੀ ਕਿਉਂਕਿ ਅਦ੍ਵੈਤ ਤਤ੍ਵ ਦਾ ਗੂੜ ਚਿੰਤਨ ਕੀਤੇ ਬਿਨਾਂ ਇਸ ਵਿਸ਼ਯ ਦਾ ਪ੍ਰਤਿਪਾਦਨ ਕਰਨਾ ਕਠਿਨ ਹੀ ਨਹੀ ਅਪੀਤੂ ਅਸੰਭਵ ਹੈ । ਤਥਾ ਦੂਸਰਾ ਇਸ ਗ੍ਰੰਥ ਦੇ ਆਰੰਭ ਤੇ ਅੰਤ ਵਿਚ ਅਲੱਗ-ਅਲੱਗ ਛੰਦਾ ਬੰਦੀ ਦ੍ਵਾਰਾ ਕੀਤੇ ਦਸ ਗੁਰੂ ਸਾਹਿਬਾਨਾਂ ਦੇ ਮੰਗਲ ਉਹਨਾਂ ਦੇ ਗੁਰੂ ਭਗਤੀ ਵਿਚ ਨਿਸ਼ਠਾ ਦੇ ਪਰਤੱਖ ਸੂਚਕ ਹਨ ਔਰ ਅਨਯਮਤਾਵਲੰਬੀਆਂ ਵਿਚ ਗੁਰੂ ਸਿਧਾਂਤਾਂ ਦੇ ਪ੍ਰਚਾਰ ਪ੍ਰਸਾਰ ਦਾ ਵੀ ਪਰਿਚਾਯਕ ਹਨ ਸ੍ਰੋਤਿਆਂ ਦੀ ਗਿਆਤ ਵਾਸਤੇ ਉਹਨਾਂ ਮਹਾਂਪੁਰਖਾਂ ਦੀ ਸਮ ਦ੍ਰਿਸ਼ਟੀ ਤਥਾ ਸਾਰਵਭੌਮਤਾ ਦਾ ਲਖਾਯਕ ਇਸ ਗ੍ਰੰਥ ਦੀ ਸਮਾਪਤੀ ਪਰ ਕੀਤਾ ਹੋਇਆ ਗੁਰੂ ਨਾਨਕ ਦੇਵ ਜੀ ਦਾ ਮੰਗਲ ਅੰਕਿਤ ਕਰਨਾ ਮੁਨਾਸਿਬ ਸਮਝਦੇ ਹਾਂ ।

ਯਥਾ :-

य: प्रहलादपरानुरागवशगः स्तम्भेनृसिंहाकृतिः ।
त्रेतायामसुरेशनाशनपटूरामोऽभिरामोवपुः ।
कंसादीन्हननायविश्वजनक:कृष्णोऽभवद्यः प्रभुः ।
योवैश्रीगुरूनानक: कलियुगे तं देवदेवं भजे ॥१॥

ਵਿਆਖਿਆ:- ਪ੍ਰਭੂ ਪਰਮਾਤਮਾ ਸਤਿਯੁਗ ਵਿਚ ਪ੍ਰਹਿਲਾਦ ਭਗਤ ਦੀ ਪਰਾ ਭਗਤੀ ਦੇ ਵਸ਼ੀਭੂਤ ਹੋ ਕਰ ਖੰਭੇ ਵਿਚੋਂ ਨਰ ਸਿੰਘ ਦੇ ਰੂਪ ਵਿਚ ਪ੍ਰਗਟ ਹੋਏ ਔਰ ਤ੍ਰੇਤੇ ਯੁਗ ਵਿਚ ਅਸੁਰ ਸਮਰਾਟ ਰਾਵਣ ਦੇ ਨਾਸ਼ ਵਾਸਤੇ ਜੋ ਸਮਰੱਥ ਹੈ ਐਸੇ ਪ੍ਰਭੂ ਰਾਮ ਭਗਵਾਨ ਦੇ ਰੂਪ ਵਿਚ ਆਏ ਤਥਾ ਦੁਆਪੁਰ ਵਿਚ ਕੰਸ ਆਦਿ ਦੁਸ਼ਟਾਂ ਦਾ ਬਧ ਕਰਨ ਵਾਸਤੇ ਜਗਤ ਕਰਤਾ ਪ੍ਰਭੂ ਸ੍ਰੀ ਕ੍ਰਿਸ਼ਨ ਰੂਪ ਵਿਚ ਪ੍ਰਾਦੁਰਭੂਤ ਹੋਏ ਉਹ ਹੀ ਪਰਮ ਪਿਤਾ ਪਰਮਾਤਮਾ ਕਲਿਯੁਗ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਆਏ ਜੋ ਕਿ ਦੇਵਾਧਿਦੇਵ ਹਨ ਮੈਂ "ਗੁਰਦਿੱਤ ਸਿੰਘ" ਐਸੇ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦਾ ਹਾਂ ।

(੫) ਨਯਾਯਸਿਧਾਂਤ ਮੁਕਤਾਵਲੀ ਦੀ ਟੀਕਾ

ਇਹ ਗ੍ਰੰਥ ਸ਼੍ਰੀ "ਵਿਸ਼ਵਨਾਥ ਪੰਚਾਨਨ ਭੱਟਾਚਾਰੀਆ" ਦੁਆਰਾ ਰਚਿਤ ਨਯਾਯਸ਼ਾਸ਼ਤ੍ਰ ਦਾ ਬਹੁਤ ਮਹੱਤਵਪੂਰਣ ਗ੍ਰੰਥ ਹੈ । ਇਸ ਉਪਰ ਸ਼੍ਰੀ ਮਾਨ ਪੰ: ਗੋਬਿੰਦ ਸਿੰਘ (ਗੰਡਾ ਸਿੰਘ) ਕਾਸ਼ੀ ਨਿਵਾਸੀ ਜੀ ਨੇ ਆਰੀਆ ਭਾਸ਼ਾ ਨਾਮਕ ਹਿੰਦੀ ਟੀਕਾ ਬਹੁਤ ਵਿਸਥਾਰ ਪੂਰਵਕ ਤੇ ਸਰਲ ਸ਼ਬਦਾਂ ਵਿਚ ਕੀਤੀ ਹੈ ਅਤੇ ਨਾਲ ਹੀ ਕਠਿਨ ਸ਼ਬਦਾਂ ਦੀ ਟਿੱਪਣੀ ਦੇ ਕਰਕੇ ਅਨੁਮਾਨ ਆਦਿ ਪ੍ਰਮਾਣਾ ਦੁਆਰਾ ਉਨਾਂ ਦਾ ਖੁਲਾਸਾ ਕੀਤਾ ਹੈ । ਇਸ ਦੀ ਭੂਮਿਕਾ ਵੀ ਆਪ ਨੇ ਸ੍ਵਯੰ ਲਿਖ ਕਰਕੇ ਇਸ ਗ੍ਰੰਥ ਦਾ ਜੋ ਪ੍ਰਤਿਪਾਦਯ ਵਿਸ਼ਯ ਹੈ ਨਯਾਯ ਦੇ "ਸੱਤ ਪਦਾਰਥ,"[੧] ਉਨਾਂ ਨੂੰ ਸੰਖੇਪ ਸ਼ਬਦਾਂ ਵਿਚ ਕਥਨ ਕੀਤਾ ਹੈ।

---

१. द्रव्य-गुण-कर्म-सामान्य-विशेष-समवाया-ऽभावा: सप्त पदार्था: (तर्क संग्रह:)

ਛੇ ਸ਼ਾਸ਼ਤ੍ਰਾਂ ਵਿਚੋਂ ਨ੍ਯਾਯ ਸ਼ਾਸ਼ਤ੍ਰ ਜੋ ਕਿ ਤਰਕ ਪ੍ਰਧਾਨ ਮੰਨਿਆ ਜਾਂਦਾ ਹੈ ਜਿਸ ਨੂੰ ਸਮਝਣਾ ਹਰ ਇਕ ਦੇ ਵਾਸਤੇ ਸੁਗਮ ਨਹੀ ਹੈ ਫ਼ਿਰ ਨ੍ਯਾਯ ਸਿਧਾਂਤ ਮੁਕਤਾਵਲੀ ਜੈਸੇ ਗ੍ਰੰਥ ਨੂੰ ਸਮਝਣ ਵਾਸਤੇ ਤਾਂ ਹੋਰ ਵੀ ਅਤਿਅੰਤ ਸੂਖਸ਼ਮ ਬੁਧੀ ਦੀ ਆਵਸ਼ਕਤਾ ਹੈ ਐਸੇ ਪ੍ਰੌਢ ਗ੍ਰੰਥ ਦੇ ਉਪਰ ਆਪ ਜੀ ਨੇ ਟੀਕਾ–ਟਿਪਣੀ ਕਰਕੇ ਨਿਰਮਲ ਸੰਪ੍ਰਦਾਯ ਦਾ ਗੌਰਵ ਵਧਾਇਆ ਹੈ । ਇਹ ਗ੍ਰੰਥ ਖੇਮਰਾਜ ਸ਼੍ਰੀ ਕ੍ਰਿਸ਼ਣਦਾਸ ਸ਼੍ਰੀ ਵੇਕਟੇਸ਼੍ਵਰ ਪ੍ਰੈਸ ਮੁੰਬਈ ਤੋਂ ਸੰਮਤ ਬਿਕ੍ਰਮੀ ੧੯੮੮ ਵਿਚ ਛਪਿਆ ਸੀ ।

(੬) ਮਣੀ ਪ੍ਰਭਾ ਟੀਕਾ

ਇਹ ਟੀਕਾ "ਵੇਦਾਂਤ ਪਰਿਭਾਸ਼ਾ" ਗ੍ਰੰਥ ਉਪਰ ਉਦਾਸੀਨ ਸ੍ਵਾਮੀ ਅਮਰਦਾਸ ਕ੍ਰਿਤ ਮਣੀ ਪ੍ਰਭਾ ਟੀਕਾ ਹੈ ਇਸ ਟੀਕਾ ਉਪਰ ਪੰ: ਗੋਬਿੰਦ ਸਿੰਘ ਜੀ ਨੇ ਸੰਖੇਪ ਸ਼ਬਦਾਂ ਵਿਚ ਟਿਪਣੀ ਕੀਤੀ ਹੈ ਅਤੇ ਇਸ ਗ੍ਰੰਥ ਦਾ ਸ਼ੰਸੋਧਨ ਵੀ ਆਪ ਜੀ ਨੇ ਹੀ ਕੀਤਾ ਹੈ । ਇਹ ਗ੍ਰੰਥ ਖੇਮਰਾਜ ਸ਼੍ਰੀ ਕ੍ਰਿਸ਼ਣਦਾਸ ਸ਼੍ਰੀ ਵੇਕਟੇਸ਼ਵਰ ਪ੍ਰੈਸ ਮੁੰਬਈ ਤੋਂ ਸੰਮਤ ੨੦੪੧ ਬਿਕ੍ਰਮੀ ਨੂੰ ਛਪਿਆ ਸੀ ।

## ਨਿਰਮਲੇ ਸੰਤਾਂ ਦ੍ਵਾਰਾ ਕੀਤੇ ਗਏ ਗੁਰਬਾਣੀ ਰੂਪਾਂਤਰ ਅਤੇ ਟੀਕਾਵਾਂ

੧. ਗੁਰੂ ਗਿਰਾ ਰੂਪਾਂਤਰ ਕ੍ਰਿਤ ਸ਼੍ਰੀ ਮਾਨ ਪੰ. ਗੁਰਦਿੱਤ ਸਿੰਘ ਜੀ ਮਹਾਰਾਜ
੨. ਜਪੁਜੀ ਸਟੀਕ "ਗੂੜ੍ਹਾਰਥ ਦੀਪਿਕਾ" ਕ੍ਰਿਤ ਪੰ. ਨਿਹਾਲ ਸਿੰਘ ਜੀ

(੧) ਗੁਰੂ ਗਿਰਾ ਰੂਪਾਂਤਰ

ਇਹ ਸੰਸਕ੍ਰਿਤ ਗ੍ਰੰਥ ਸ਼੍ਰੀ ਮਾਨ ਪੰ: ਗੁਰਦਿੱਤ ਸਿੰਘ ਜੀ ਮਹਾਰਾਜ ਦ੍ਵਾਰਾ ਰਚਿਤ ਹੈ । ਇਸ ਵਿਚ ਆਪ ਜੀ ਨੇ ਸ਼੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਜੀ ਦੀ ਅੰਮ੍ਰਿਤ ਮਈ ਬਾਣੀ "ਸਲੋਕ ਮਹਲਾ ੯" ਦੇ ੫੭ ਸਲੋਕਾਂ ਦਾ ਸੰਸਕ੍ਰਿਤ ਅਨੁਵਾਦ ਕੀਤਾ ਹੈ । ਇਸੇ ਕਰਕੇ ਇਸ ਦਾ ਨਾਮ "ਗੁਰੂ ਗਿਰਾ ਰੂਪਾਂਤਰ" ਅਰਥਾਤ ਗੁਰੂਗਿਰਾ=ਗੁਰਬਾਣੀ, ਰੂਪਾਂਤਰ=ਦੂਸਰਾ ਰੂਪ ਭਾਵ ਗੁਰਬਾਣੀ ਦਾ ਉਲਥਾ । ਇਸ ਦੇ ਦ੍ਵਾਰਾ ਆਪ ਜੀ ਨੇ ਸ਼੍ਰੀ ਗੁਰੂ ਤੇਗਬਹਾਦੁਰ ਮਹਾਰਾਜ ਜੀ ਦ੍ਵਾਰਾ ਸੰਸਾਰ ਦਾ ਮਿੱਥਿਆਤ੍ਵ ਤੇ ਪਰਮਾਤਮਾ ਦੀ ਸਤ੍ਯਤਾ, ਚੇਤਨਤਾ, ਆਨੰਦਰੂਪਤਾ, ਸਰਵ ਵਿਆਪਕਤਾ ਦਾ ਕਥਨ ਕਰਕੇ ਜਨ ਸਾਧਾਰਣ ਦੇ ਕਲਿਆਣਾਰਥ, ਤਿਆਗ, ਵੈਰਾਗ, ਪ੍ਰੇਮਾ ਭਗਤੀ, ਆਤਮ ਪਰਾਯਣਤਾ ਦ੍ਵਾਰਾ ਪਰਮਾਤਮਾ ਨਾਲ ਅਭੇਦ ਹੋਣ ਦਾ ਜੋ ਉਪਦੇਸ਼ ਦਿਤਾ ਹੈ ਉਸ ਉਪਦੇਸ਼ ਨੂੰ ਸੰਸਕ੍ਰਿਤ ਪਠਨ–ਪਾਠਨ ਕਰਨ ਵਾਲੇ ਵਰਗ ਤਥਾ ਉਨਾਂ ਨਾਲ ਸੰਬੰਧਿਤ ਜਨ–ਸਮੂਹ, ਜੋ ਕਿ ਗੁਰਮੁਖੀ ਭਾਸ਼ਾ ਤੋਂ ਅਨਭਿਗ੍ਯ ਹਨ ਉਹਨਾਂ ਤਕ ਪਹੁੰਚਾ ਕਰਕੇ ਅਕਥਨੀਯ ਉਪਕਾਰ ਕੀਤਾ ਹੈ ਅਤੇ ਉਨਾਂ ਸੰਸਕ੍ਰਿਤ ਸਲੋਕਾਂ ਦੀ "ਦੀਪਿਕਾ" ਨਾਮਕ ਹਿੰਦੀ ਟੀਕਾ ਕਰਕੇ ਅਨ੍ਯ ਸ਼ਾਸ਼ਤ੍ਰ ਗੀਤਾ, ਭਾਗਵਤ, ਉਪਨਿਸ਼ਦਾਂ ਦੀਆਂ ਸ਼੍ਰੁਤੀਆਂ ਦੇ ਪ੍ਰਮਾਣਾ ਦ੍ਵਾਰਾ ਗੁਰਬਾਣੀ ਨਾਲ ਬੜਾ ਸੁੰਦਰ ਸਮਨਵਯ ਕੀਤਾ ਹੈ । ਯਥਾ ਮੂਲ ਸਲੋਕ :–

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

ਅਨੁਵਾਦ

मुक्तोऽसौ पुरुषो ज्ञेयोयस्यान्तः स्मरणं हरेः ।
सत्यं विद्धि गुरुः प्राहः हरौ तत्र च नान्तरम् ॥

हिन्दी टीका:-यस्य=जिस साधन संपन्न अधिकारी के,अन्त:=अन्त: करण में, हरे:=प्रत्येक रुप हरी का,स्मरणम्=स्मरण है, असौ=वह अधिकारी,मुक्त:=जीवन्मुक्त, ज्ञेय:=जानने योग्य है ।
गुरुः=श्री गुरु नानक देव जी,प्राह=कहिते है हे मन, यह वार्ता, सत्यम्= यथार्थ्, विद्धि= तू जान कि, तत्र=उस पुरष में, च=तथा, हरौ=परमात्मा में, न अन्तरम्=रञ्चक मात्र भेद नही रहता किन्तु वह ब्रह्म रूप ही है । यह अर्थ भागवत गीता में भी कहा है ।

अनन्यचेत: सततंयोमांस्मरति नित्यश: ।
तस्याहं सुलभ: पार्थनित्ययुक्तस्ययोगिन: ॥

अर्थ: जो पुरष अनन्य चित्त हुआ मुझको निरन्तर प्रत्यग् रूपता से चिन्तन करता है । हे अर्जुन उस सदा समाहित चित् योगी को मैं सुखेन ही प्राप्त होता हूं । अर्थात स्व स्वरूप रूपता कर वह मुझको प्रत्यक्ष अनुभव करता है ।[१] इतयादि

## ਨਿਰਮਲੇ ਸੰਤਾਂ ਦ੍ਵਾਰਾ ਰਚਿਤ ਗੁਰੂ ਸਿਧਾਂਤ ਅਤੇ ਸ਼ਾਸ਼ਤ੍ਰ ਸੰਬੰਧੀ ਸੰਸਕ੍ਰਿਤ ਗੰਥ

੧. ਗੁਰੂ ਮੰਤ੍ਰਾਰਥ ਪ੍ਰਕਾਸ਼ ਕ੍ਰਿਤ ਪੰ: ਈਸ਼ਰ ਸਿੰਘ ਜੀ ਕਾਸ਼ੀ
੨. ਅਭਾਵ ਰਹਸਯ ਅਤੇ ਆਸ਼੍ਰਮ ਧਰਮ ਰਹਸਯ ਕ੍ਰਿਤ ਪੰ: ਊਧਵ ਸਿਘ ਜੀ ਨਯਾਯਕ
੩. ਮੁਮੁਖਸ਼ੂ ਬੋਧਨ ਪ੍ਰਕਾਸ਼ ਕ੍ਰਿਤ ਪੰ: ਤਾਰਾ ਸਿੰਘ ਤਰਨ ਤਾਰਨ
੪. ਖਾਲਸਾ ਸ਼ਤਕ ਕ੍ਰਿਤ ਸ਼੍ਰੀ ਮਾਨ ਠਾਕੁਰ ਨਿਹਾਲ ਸਿੰਘ ਜੀ
੫. ਆਤਮ ਸ੍ਵਰੂਪ ਵਿਮਰਸ਼: ਕ੍ਰਿਤ ਸ੍ਵਾਮੀ ਜ਼ਗਦੀਸ਼ ਹਰੀ ਜੀ (ਬਿਹਾਰ ਵਾਲੇ)
੬. ਮਹਾਭਰਤੇ ਯੋਗ ਤਤ੍ਵ ਵਿਮਰਸ਼: ਕ੍ਰਿਤ ਡਾ. ਸ੍ਵਾਮੀ ਰਾਮਪਾਲ ਸਿੰਘ ਜੀ ਸ਼ਾਸ਼ਤ੍ਰੀ ਦਿੱਲੀ ਵਾਲੇ

(੧) ਗੁਰੂ ਮੰਤ੍ਰਾਰਥ ਪ੍ਰਕਾਸ਼ :-

ਇਹ ਗ੍ਰੰਥ ਸਰਵ ਸ਼ਾਸ਼ਤ੍ਰ ਨਿਸ਼ਣਾਤ, ਵਿਦਿਆ ਵਾਰਿਧਿ, ਪਰਿਵ੍ਰਾਜਕਾਚਾਰਯ ਨਿਰਮਲ ਭੇਖ ਦੇ ਮੂਰਧਨਯ ਵਿਦ੍ਵਾਨ ਸ਼੍ਰੀਮਾਨ ਪੰ: ਈਸ਼ਰ ਸਿੰਘ ਜੀ ਕਾਸ਼ੀ ਵਾਲਿਆਂ ਦ੍ਵਾਰਾ ਰਚਿਤ ਇਕ ਅਦਭੁਤ ਸੰਸਕ੍ਰਿਤ ਗਦਯ ਕਾਵਯ ਹੈ । ਇਸ ਵਿਚ ਕੇਵਲ ਵਾਹਿਗੁਰੂ ਮੰਤ੍ਰ ਦੀ ਹੀ ਵਿਚਾਰ ਹੈ ਇਸ ਪੁਸਤਕ ਦੇ ਲਿਖਣ ਦਾ ਕੀ ਰਹਸਯ ਸੀ? ਇਸ ਜਿਗਿਆਸਾ ਦੀ ਪੂਰਤੀ ਗ੍ਰੰਥ ਦੀ ਪ੍ਰਸਤਾਵਨਾਂ ਪੜਣ ਨਾਲ ਸ੍ਵਯੰ ਹੀ ਹੋ ਜਾਂਦੀ ਹੈ ਕਿਉਂਕਿ ਗ੍ਰੰਥ ਕਰਤਾ ਮਹਾਪੁਰਖਾਂ ਨੇ ਗ੍ਰੰਥ ਦੇ ਆਰੰਭ ਵਿਚ ਸ੍ਵਯੰ ਜਿਕਰ ਕੀਤਾ ਹੈ ਕਿ ਇਕ ਦਿਨ ਸਾਡੇ ਸ਼ਿਸ਼ ਦੇਵ ਨਾਰਾਯਣ ਸਿੰਘ ਨੇ ਵਾਹਿਗੁਰੂ ਮੰਤ੍ਰ ਦੇ ਵਿਸ਼ਯ ਸੰਬੰਧੀ ਕੁਛ ਪ੍ਰਸ਼ਨ ਪੁਛੇ ਕਿ ਮਹਾਰਾਜ ਕੁਛ ਅਨਯ ਮਤਾਵਲੰਬੀ ਵਾਦੀ ਲੋਕ ਐਸਾ ਕਹਿੰਦੇ ਹਨ ਕਿ[੨]-

੧- ਵਾਹਿਗੁਰੂ ਮੰਤ੍ਰ ਦਾ ਉਚਾਰਣ ਕਰਨਾ ਨਿਸ਼ਫ਼ਲ ਹੈ ਕਿਉਂਕਿ ਇਹ ਭਾਸ਼ਾ ਵਿਚ ਹੈ ?
੨- ਫ਼ਿਰ ਇਹ ਵਾਹਿਗੁਰੂ ਮੰਤ੍ਰ ਵੇਦ ਸ਼ਾਸ਼ਤ੍ਰ ਦੇ ਅੰਤਰਭੂਤ ਨਹੀ ਹੈ ?
੩-ਵਾਹਿਗੁਰੂ ਇਸ ਮੰਤ੍ਰ ਦਾ ਵਿਆਕਰਣ, ਨਯਾਯ, ਵੇਦਾਂਤ ਸ਼ਾਸ਼ਤ੍ਰ ਅਨੁਸਾਰ ਕੀ ਅਰਥ ਹੈ? ਇਤਯਾਦਿ

---

१. गुरु गिरा रुपान्तर पृष्ठ ८५ मरकनटायल प्रेस लाहौर

२.लोके केचिद् वदन्ति वाहगुरुरिति ब्रह्मबोधक-मन्त्ररूप-पदोच्चारणं निस्फ़लमस्ति भाषात्मकत्वादिति ?
पुन: वाहगुरुरिति मन्त्रस्य वेदशास्त्राऽनन्तर-गताऽत्मकत्वमपि वर्तते ?
पुनश्च वाहगुरु-रित्येतन्मन्त्रस्य व्याकरणन्याय-वेदान्तादि रीत्या किमाकारकोऽर्थोऽस्ति ?
( गुरुमन्त्रार्थ प्रकाश पृष्ठ ७ बाम्बे मैशीन प्रैस लाहौर १९०१ ई. )

ਉਸ ਆਪਣੇ ਸ਼ਿਸ਼ਯ ਨੂੰ ਨਮਿਤ ਬਣਾ ਕਰਕੇ ਸਾਰੇ ਵਾਦੀਆਂ ਦੀ ਸ਼ੰਕਾ ਨਿਵਰਤੀ ਵਾਸਤੇ ਵਿਆਕਰਣ ਤਥਾ ਨਯਾਯ ਸ਼ਾਸ਼ਤ੍ਰ ਦੀ ਰੀਤੀ ਅਨੁਸਾਰ ਅਲੱਗ-ਅਲੱਗ ਧਾਤੂ, ਪ੍ਰਤਯ, ਪਦ, ਅਰਥ, ਅਤੇ ਬੋਧ ਦ੍ਵਾਰਾ ਵਾਹਿਗੁਰੂ ਮੰਤ੍ਰ ਨੂੰ ਯਥਾਰਥ ਸਿੱਧ ਕੀਤਾ ਹੈ । ਵਾਦੀ ਦਾ ਜੋ ਪਹਿਲਾ ਪ੍ਰਸ਼ਨ ਸੀ ਕਿ ਵਾਹਿਗੁਰੂ ਮੰਤ੍ਰ ਦਾ ਉਚਾਰਣ ਨਿਸ਼ਫ਼ਲ ਹੈ ਭਾਸ਼ਾ ਵਿਚ ਹੋਣ ਕਰਕੇ, ਇਸ ਦਾ ਉਤਰ ਆਪ ਜੀ ਨੇ ਇਸ ਪ੍ਰਕਾਰ ਦਿਤਾ ਹੈ:- यत्किञ्चिन्मुखादुच्चरितं भवति तत्सर्वं भाषैव सम्भवति । भाष्यते इति भाषा इत्यादि व्युत्पत्या ईश्वरादि पदानामपि मनुष्यादि मुखादुच्चरितत्त्वेन भाषा रुपत्वात् तथा च भाषा पद व्युत्पत्या रामकृष्णेश्वरादि पदानां यादृश भाषा रुपत्वं यथा वर्तते एवम् एतद् वाहिगुरु पदमपि भाषा भवतु इति तु सह्यं का नो हानिः ॥

ਅਰਥਾਤ :- ਜੋ ਕੁਛ ਵੀ ਮੁਖ ਦ੍ਵਾਰਾ ਉਚਾਰਣ ਹੁੰਦਾ ਹੈ ਉਹ ਸਭ ਭਾਸ਼ਾ ਹੀ ਹੈ ਕਿਉਂਕਿ**"भाष्यते इति भाषा"** ਭਾਵ ਜੋ ਬੋਲਿਆ ਜਾਵੇ ਐਸੀ ਵਿਉਤਪੱਤੀ ਹੋਣ ਕਰਕੇ ਈਸ਼ਵਰ ਆਦਿ ਪਦ ਵੀ ਦੇਵਤਾ ਔਰ ਮਨੁਖਾਂ ਦੇ ਮੁਖ ਤੋਂ ਉਚਾਰਣ ਹੋਣ ਕਰਕੇ ਭਾਸ਼ਾ ਰੂਪ ਹੀ ਹਨ । ਜੈਸੇ ਰਾਮ ਕ੍ਰਿਸ਼ਨ ਆਦਿ ਪਦ ਭਾਸ਼ਾ ਰੂਪ ਹਨ ਵੈਸੇ ਹੀ ਇਹ ਵਾਹਿਗੁਰੂ ਪਦ ਵੀ ਭਾਸ਼ਾ ਰੂਪ ਹੈ ਇਸ ਵਿਚ ਕੋਈ ਹਾਨੀ ਨਹੀ ਹੈ । ਇਸ ਪ੍ਰਕਾਰ ਵਾਦੀ ਦੀ ਇਸ ਸ਼ੰਕਾ ਦਾ ਸਮਾਧਾਨ ਹੋਰ ਵੀ ਕਈ ਦ੍ਰਿਸ਼ਟਾਂਤਾ ਦ੍ਵਾਰਾ ਕੀਤਾ ਹੈ ਪਰੰਤੂ ਵਿਸਤਾਰ ਦੇ ਭੈ ਕਰਕੇ ਇਥੇ ਨਹੀ ਲਿਖ ਰਹੇ ।

ਇਸ ਤੋਂ ਇਲਾਵਾ ਪ੍ਰਤਿਵਾਦੀਆਂ ਦ੍ਵਾਰਾ ਉਠਾਏ ਗਏ ਸਾਰੇ ਸ਼ੰਕਿਆਂ ਨੂੰ ਆਪ ਜੀ ਨੇ ਵਿਆਕਰਣ, ਨਯਾਯ, ਵੇਦਾਂਤ ਆਦਿ ਰੀਤੀਆਂ ਦ੍ਵਾਰਾ ਸ਼ਾਬਦ ਬੋਧ ਦਿਖਾ ਕਰਕੇ ਵਿਦਵੱਤਾ ਪੂਰਵਕ ਸ਼ਬਦਾਂ ਦ੍ਵਾਰਾ ਨਿਵ੍ਰਿੱਤ ਕੀਤਾ ਹੈ। ਉਨ੍ਹਾਂ ਵਿਚੋਂ ਇਕ ਸ਼ਾਬਦ ਬੋਧ ਜੋ ਕਿ ਨਯਾਯ ਰੀਤੀ ਅਨੁਸਾਰ ਹੈ ਇਥੇ ਲਿਖਦੇ ਹਾਂ ਯਥਾ:-

"आश्चर्य्यत्वनिष्ठाऽवच्छेदकता निरुपिताआश्चर्य्यत्ववन्निष्ठाऽभेदसंसर्गावच्छिन्न विशेष्यताऽभिन्ना या प्रकारता तादृशप्रकारता निरुपिता सति उत्कृष्टत्वनिष्ठाऽवच्छेदकता निरुपिता उत्कृष्टत्ववन्निष्ठाऽभेदसन्सार्गाऽवच्छिन्न विशेष्यताऽभिन्ना या प्रकारता तादृशप्रकारतानिरूपिता च सति ईश्वरत्व ऽवच्छिन्नेश्वरनिष्ठाऽभेदसन्सर्गाऽवच्छिन्नप्रकारता निरूपिता गुरुनिष्ठा या विशेष्यता तादृशविशेष्यता आश्रयोगुरुः इति वाहगुरुपदात् शक्तिज्ञाना धीनः वाहगुरुपदार्थ आत्मबोधकगुरुविषयकशाब्दबोधो वर्तते" ।

ਇਸ ਤਰਾਂ ਦੇ ੧੬੯ ਸ਼ਾਬਦ ਬੋਧ ਇਸ ਗ੍ਰੰਥ ਵਿਚ ਅੰਕਿਤ ਹਨ ਜਿਨ੍ਹਾਂ ਵਿਚ ਆਪ ਜੀ ਨੇ ੫੦੦ ਧਾਤੂ, ਪ੍ਰਤਯ, ਪਦ,ਅਰਥ, ਬੋਧ ਅਲੱਗ-ਅਲੱਗ ਤਰੀਕਿਆਂ ਨਾਲ ਪ੍ਰਯੋਗ ਕੀਤੇ ਹਨ ਤਥਾ ਇਸ ਗ੍ਰੰਥ ਵਿਚ ੧੬ ਕਲਪਾਂ ਅੰਦਰ ਆਪ ਜੀ ਨੇ ਵਾਹਿਗੁਰੂ ਮੰਤ੍ਰ ਨੂੰ ਸ਼ਿਸ਼ਯ ਗੁਰੂ ਅਭਿੰਨ ਈਸ਼ਵਰ, ਵਿਸ਼ਨੂੰ ਸ਼ਿਵ ਬ੍ਰਹਮਾਂ ਸ਼ਕਤੀ ਸੂਰਯ ਅਭਿੰਨ ਵਿਰਾਟ, ਸੂਰਯ ਚੰਦ੍ਰ ਨਕਸ਼ਤ੍ਰ ਗ੍ਰਹ ਮੇਘ ਆਦਿ ਦਾ ਅਧਿਸ਼ਠਾਨ, ਸਜਾਤੀਯ ਵਿਜਾਤੀਯ ਸ੍ਵਗਤ ਆਦਿ ਭੇਦ ਰਹਿਤ, ਦੇਸ਼ ਕਾਲ ਵਸਤੂ ਦੇ ਪਰਿਛੇਦ ਰਹਿਤ ਨਿਰਗੁਣ ਨਿਰਾਕਾਰ ਪਾਰਬ੍ਰਹਮ ਇਤਿਆਦਿ ਅਰਥਾਂ ਦਾ ਵਾਚਕ ਕਥਨ ਕੀਤਾ ਹੈ । ਉਨਾ ਮਹਾਂਪੁਰਖਾਂ ਦਾ ਇਹ ਗਦਯ ਕਾਵਯ ਸੰਸਕ੍ਰਿਤ ਸਾਹਿਤਯ ਨੂੰ ਬਹੁਤ ਵਡਮੁਲੀ ਦੇਣ ਹੈ। ਜੋ ਕਿ ਉਨ੍ਹਾ ਦ੍ਵਾਰਾ ਵਾਹਿਗੁਰੂ ਮੰਤ੍ਰਾਰਥ ਦੇ ਵਿਸ਼ਯ ਵਿਚ ਭਾਰਤ ਦੇ ਅਨੇਕਾਂ ਵਡੇ ਵਡੇ ਤੀਰਥ ਅਸਥਾਨਾਂ ਤੇ ਵੱਖ-ਵੱਖ ਰਿਆਸਤਾਂ ਅੰਦਰ ਅਨੇਕਾਂ ਸ਼ੰਕਾਵਾਦੀ ਵਿਦ੍ਵਾਨਾਂ ਨਾਲ ਹੋਏ ਸ਼ਾਸ਼ਤ੍ਰਾਰਥਾਂ ਦਾ ਹੀ ਨਿਚੋੜ ਹੈ । ਜਿਸ ਦਾ ਜਿਕਰ ਉਨ੍ਹਾਂ

ਨੇ ਸ੍ਵਯੰ ਆਪਣੀ "ਸ੍ਵ ਸ੍ਵਪਨ ਨਾਟਕ" ਨਾਮਕ ਪੁਸਤਕ ਵਿਚ ਕੀਤਾ ਹੈ ।[੧] ਇਹ ਗ੍ਰੰਥ ਸੰਨ ੧੯੦੯ ਬਿਕ੍ਰਮੀ ਨੂੰ ਬੰਬੇ ਮਸ਼ੀਨ ਪ੍ਰੈਸ ਲਾਹੌਰ ਵਿਚ ਛਪਿਆ ਸੀ ।

(੨) ਆਤਮ ਸ੍ਵਰੂਪ ਵਿਮਰਸ਼::–

ਇਹ ਪੁਸਤਕ ਵੇਦਾਂਤ–ਮਾਰਤੰਡ ਪਰਿਵਰਾਜਕਾ ਚਾਰਯ ਸ਼੍ਰੀ ਮਾਨ ਸ੍ਵਾਮੀ ਜ਼ਗਦੀਸ਼ ਹਰੀ ਜੀ ਦ੍ਵਾਰਾ ਹਸਤ ਲਿਖਤ ਥੀਸੀਜ ਹੈ । ਜੋ ਉਹਨਾਂ ਨੇ ਸੰਪੂਰਣਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਯ ਵਾਰਾਣਸੀ ਵਿਚ ਪੀ.ਐਚ.ਡੀ. ਦੇ ਅਧਿਐਨ ਸਮੇਂ ੧੯੫੫ ਈ. ਨੂੰ ਸੰਪੂਰਣ ਕੀਤੀ । ਜਿਸ ਦਾ ਵਿਸ਼ਯ ਸੀ "ਆਤਮ ਸ੍ਵਰੂਪ ਵਿਮਰਸ਼:" ਅਰਥਾਤ ਆਤਮਾ ਦੇ ਸ੍ਵਰੂਪ ਦੀ ਵਿਚਾਰ ਇਸ ਵਿਚ ਮੰਗਲਾ ਚਰਣ ਤੋਂ ਲੈ ਕੇ ਉਪ–ਸੰਹਾਰ ਤਕ ਕੁਲ ੨੩ ਪ੍ਰਕਰਣ ਹਨ । ਜਿਨ੍ਹਾਂ ਵਿਚ ਉਹਨਾਂ ਨੇ ਆਤਮ ਸ਼ਬਦ ਦੇ ਅਰਥ ਦੀ ਵਿਚਾਰ, ਵੇਦਾਂਤ ਦਰਸ਼ਨ ਦਾ ਅਰਥ, ਆਤਮਾ ਦੇ ਸ੍ਵ ਪ੍ਰਕਾਸ਼ ਦਾ ਨਿਰੂਪਣ, ਮਾਇਆ ਸ੍ਵਰੂਪ ਵਿਚਾਰ, ਜੀਵ ਔਰ ਬ੍ਰਹਮ ਦੇ ਅਭੇਦ ਦਾ ਨਿਰੂਪਣ ਇਤਿਆਦਿ ਵਿਸ਼ਿਆਂ ਦਾ ਗੀਤਾ, ਉਪਨਿਸ਼ਦ, ਬ੍ਰਹਮ ਸੂਤ੍ਰ, ਖੰਡਨ–ਖੰਡ ਖਾਦਯ ਆਦਿ ਵੇਦਾਂਤ ਸ਼ਾਸ਼ਤ੍ਰ ਦੇ ਉਚ ਗ੍ਰੰਥਾਂ ਦੇ ਦ੍ਰਿਸ਼ਟਾਂਤ ਦੇ ਕਰਕੇ ਆਤਮ ਸ੍ਵਰੂਪ ਦਾ ਬਹੁਤ ਗੂੜ੍ਹ ਵਿਚਾਰ ਕੀਤਾ ਹੈ । ਜੋ ਕਿ ਸੰਸਕ੍ਰਿਤ ਜਗਤ ਨੂੰ ਬਹੁਤ ਅਮੋਲਕ ਯੋਗਦਾਨ ਹੈ ਪਰੰਤੂ ਇਹ ਗ੍ਰੰਥ ਅੱਜ ਤਕ ਪ੍ਰਕਾਸ਼ਿਤ ਨਹੀ ਹੋ ਸਕਿਆ ।

(੩) ਮਹਾਭਾਰਤੇ ਯੋਗ ਤਤ੍ਵ ਵਿਮਰਸ਼::–

ਇਹ ਵੀ ਵਰਤਮਾਨ ਵਿਚ ਨਿਰਮਲ ਸੰਪ੍ਰਦਾਯ ਦੇ ਮਹਾਨ ਵਿਦ੍ਵਾਨ ਪੰਜ ਸੁਵਰਣ ਪਦਕ ਵਿਜੇਤਾ ਸ਼੍ਰੀ ਮਾਨ ਪੰ: ਡਾ. ਸ੍ਵਾਮੀ ਰਾਮਪਾਲ ਸਿੰਘ ਜੀ ਸ਼ਾਸ਼ਤ੍ਰੀ ਦਿੱਲੀ ਵਾਲਿਆਂ ਦ੍ਵਾਰਾ ਹੱਥ ਲਿਖਤ ਥੀਸੀਜ ਹੈ । ਜਿਸ ਦਾ ਵਿਸ਼ਯ ਹੈ ਮਹਾਭਾਰਤ ਗ੍ਰੰਥ ਵਿਚ ਯੋਗਤਤ੍ਵ ਦਾ ਵਿਚਾਰ ਜਿਸ ਨੂੰ ਉਹਨਾਂ ਨੇ ਗੁਰਬਾਣੀ ਅਤੇ ਸਰਵ ਸ਼ਾਸ਼ਤ੍ਰਾਂ ਦਾ ਸਮਨਵਯ ਕਰਕੇ ਬਹੁਤ ਵਿਸਥਾਰ ਪੂਰਵਕ ਕਥਨ ਕੀਤਾ ਹੈ । ਇਹ ਗ੍ਰੰਥ ਵੀ ਅਪ੍ਰਕਾਸ਼ਿਤ ਹੈ ।

## ਨਿਰਮਲੇ ਸੰਤਾਂ ਦ੍ਵਾਰਾ ਰਚਿਤ ਸਿੱਖ ਇਤਿਹਾਸਿਕ ਸੰਸਕ੍ਰਿਤ ਕਾਵ੍ਯ

(੧)ਸ਼੍ਰੀ ਗੁਰੂ ਸਿਧਾਂਤ ਪਾਰਿਜਾਤ

ਇਹ ਇਤਿਹਾਸਿਕ ਸੰਸਕ੍ਰਿਤ ਮਹਾ ਕਾਵ੍ਯ ਕਾਸ਼ੀ ਦੀ ਮਹਾਨ ਵਿਭੂਤੀ ਵਿਦਿਆ ਪ੍ਰਭਾਕਰ ਸ਼੍ਰੀ ਮਾਨ ਪੰ: ਹਰਾ ਸਿੰਘ ਜੀ ਬ੍ਰਹਮ ਕੁਟੀ ਵਾਲਿਆਂ ਦੀ ਰਚਨਾਂ ਹੈ। ਇਕ ਵਾਰ ਆਪ ਜੀ ਨੂੰ ਸੰਕਲਪ ਫ਼ੁਰਿਆ ,ਜਿਸ ਤਰਾਂ ਪੁਰਾਣਾ ਦਾ ਪ੍ਰਚਾਰ ਕਰਨ ਲਈ ਵਿਦ੍ਵਾਨ ਲੋਕਾਂ ਨੇ ਮਹਾਭਾਰਤ, ਭਾਗਵਤ ਆਦਿ ਗ੍ਰੰਥ ਭਾਸ਼ਾ ਵਿਚ ਰਚੇ ਹਨ । ਉਸੇ ਤਰਾਂ ਸੂਰਜ ਪ੍ਰਕਾਸ਼ ਆਦਿ ਗੁਰ ਇਤਿਹਾਸ ਦਾ ਪੂਰਬ ਦੇਸ਼ ਦੇ ਵਿਦ੍ਵਾਨ ਪੰਡਿਤਾਂ ਵਿਚ ਪ੍ਰਸਾਰ–ਪ੍ਰਚਾਰ ਕਰਨ ਲਈ ਸੰਸਕ੍ਰਿਤ ਵਿਚ ਇਕ ਗ੍ਰੰਥ ਤਿਆਰ ਕਰਨਾ ਚਾਹੀਦਾ ਹੈ । ਇਸ ਸੰਕਲਪ ਨੂੰ ਮੁਖ ਰੱਖਕੇ ਆਪ ਜੀ ਨੇ ਦਸਾਂ ਗੁਰੂਆਂ ਦਾ ਪਵਿਤ੍ਰ ਜੀਵਨ ਚਰਿਤ੍ਰ ਇੰਦ੍ਰਵਜ੍ਰਾ,ਅਨੁਸ਼ਟੁਪ ਆਦਿ ਛੰਦਾਂ ਦੇ ਦੁਆਰਾ ਸੰਸਕ੍ਰਿਤ ਗ੍ਰੰਥ ਦੇ ਰੂਪ ਵਿਚ ਲਿਪੀ ਬਧ ਕੀਤਾ ਹੈ । ਜਿਸ ਦਾ ਨਾਮ ਹੈ "ਗੁਰੂਸਿਧਾਂਤ ਪਾਰਿਜਾਤ"। ਜੋ ਸੰਮਤ ੧੯੪੧ ਸ਼ਿਵਰਾਤ੍ਰੀ ਵਾਲੇ ਦਿਨ ਸੰਪੂਰਣ ਹੋਇਆ । ਇਹ ਆਪ ਜੀ ਦੀ ਸੰਸਕ੍ਰਿਤ ਸਾਹਿਤਯ ਨੂੰ ਅਮੋਲਕ ਦੇਣ ਹੈ। ਇਸ ਵਿਚ ਸੰਛੇਪ ਸ਼ਬਦਾਂ ਦੁਆਰਾ ਸਤਿਗੁਰਾਂ ਦੇ ਸੰਪੂਰਣ ਜੀਵਨ ਚਰਿਤ੍ਰ ਦਾ ਵਰਨਣ ਕਰਕੇ ਮਾਨੋਂ ਗਾਗਰ ਵਿਚ ਸਾਗਰ ਹੀ ਭਰ

੧. ਉਸੀ ਵਕਤ ਪੂਰਬ ਦੇਸ਼ ਰਿਆਸਤੋਂ ਕੇ ਬੀਚ ਸ਼ਾਸ਼ਤ੍ਰਾਰਥ ਹੋਨੇ ਕਰਕੇ ਵਾਹਿਗੁਰੂ ਮੰਤ੍ਰ ਕੀ ਵਿਆਖਿਆ ਕੀ ਰਚਨਾਂ ਕਰੀ ਰਹੀ ਥੀ । ਗੁਰੂ ਮੰਤ੍ਰਾਰਥ ਪ੍ਰਕਾਸ਼ ਉਸੀ ਗ੍ਰੰਥ ਕਾ ਨਾਮ ਕਹਾ ਜਤਾ ਹੈ । (ਸ੍ਵ ਸ੍ਵਪਨ ਨਾਟਕ ਪੰਨਾ ੧੩ )

ਦਿਤਾ । ਇਸ ਦੇ ਮੰਗਲਾ ਚਰਣ ਤੋਂ ਅਨੰਤਰ,ਆਰੰਭ ਵਾਲੇ ਕੁਛ ਸਲੋਕਾਂ ਦੀ ਵਿਆਖਿਆ ਇਥੇ ਕਰਦੇ ਹਾਂ ।

ਮੂਲ

मद्रदेशे महापुण्ये तलवण्डीति नामिका। नगरी सत्समाक्रान्ता पुण्याण्यसमावृता।
तत्र क्षत्रकुले पुण्ये जातः कल्याणनामकः। तस्य भार्या सुशीलासीत् सती तृप्तेति नामिका॥३॥
शास्त्राक्षिवाणराकेशसंख्याते शुभवत्सरे। रवौ मेषे तृतीयायां सितेपक्षे शुभेदिने॥४॥
रात्रेयामे चतुर्थेतु तस्यां जातोमहाशयः। गुरु नानकरुपेण कलिदोषापहोहरिः॥५॥

ਵਿਆਖਿਆ :- ਮਹਾਨ ਪਵਿਤ੍ਰ ਪੰਜਾਬ ਦੇਸ਼ ਵਿਚ ਬਗੀਚਿਆਂ ਦੇ ਦੁਆਰਾ ਘਿਰੀ ਹੋਈ ਤਲਵੰਡੀ ਨਾਮਕ ਇਕ ਨਗਰੀ ਹੈ ॥੨॥ ਉਸ ਨਗਰੀ ਅੰਦਰ ਪਵਿਤ੍ਰ ਛਤ੍ਰੀ ਕੁਲ (ਬੇਦੀ ਕੁਲ) ਵਿਚ ਕਲਯਾਣ ਦਾਸ ਨਾਮ ਵਾਲੇ ਇਕ ਛਤ੍ਰੀ ਸਨ। ਉਨਾਂ ਦੀ ਧਰਮ ਪਤਨੀ ਤ੍ਰਿਪਤਾ ਜੀ ਪਤਿਬ੍ਰਤ ਧਰਮ ਯੁਕਤ ਬੜੇ ਸ਼ੁਸ਼ੀਲ ਸੁਭਾ ਵਾਲੀ ਸੀ ॥੩॥ ਸੁਭ ਸੰਮਤ ੧੫੨੬ ਬਿਕ੍ਰਮੀ ਜਿਸ ਸਮੇਂ ਸੂਰਜ ਮੇਸ਼ ਰਾਸ਼ੀ ਵਿਚ, ਸ਼ੁਕਲ ਪੱਖ, ਸ਼ੁਭ ਦਿਨ ਨੂੰ ਰਾਤ ਦੇ ਚੌਥੇ ਪਹਿਰ ਅੰਮ੍ਰਿਤ ਵੇਲੇ ਕਲਯੁਗ ਦੇ ਦੋਸ਼ਾਂ ਨੂੰ ਨਾਸ ਕਰਨ ਵਾਸਤੇ ਪਰਮਪਿਤਾ ਪ੍ਰਮਾਤਮਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਏ ॥੪॥੫॥

ਇਸ ਤਰਾਂ ਆਪ ਜੀ ਨੇ ਪ੍ਰੇਮ ਯੁਕਤ ਅਤੇ ਵਿਦਵਤਾ ਭਰੇ ਸ਼ਬਦਾਂ ਦੁਆਰਾ ਇਹ ਗੁਰ ਇਤਿਹਾਸ ਰੂਪੀ ਅਮੋਲਕ ਖਜਾਨਾ ਤਿਆਰ ਕਰਕੇ ਵਿਦ੍ਵਾਨ ਵਰਗ ਤਕ ਪਹੁੰਚਾਇਆ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਦੇਸ਼ ਨੂੰ ਸਾਕਾਰ ਕਰਨ ਦਾ ਮਹਾਨ ਯਤਨ ਕੀਤਾ ।

(੨)ਸ਼੍ਰੀ ਗੁਰੂ ਨਾਨਕ ਅਵਤਾਰ ਨਾਟਕਮ

ਇਹ ਸੰਸਕ੍ਰਿਤ ਨਾਟਕ ਸ਼੍ਰੀ ਮਾਨ ਪੰ: ਨਾਰਾਇਣ ਸਿੰਘ ਜੀ ਦ੍ਵਾਰਾ ਰਚਿਤ ਹੈ। ਜਿਸ ਦੇ ੨ ਅੰਕ ਹਨ ਪਹਿਲੇ ਅੰਕ ਵਿਚ ਆਪ ਜੀ ਨੇ ਦਸ ਗੁਰੂ ਸਾਹਿਬਾਂ ਦੇ ਮੰਗਲ ਕਰਨ ਤੋਂ ਉਪਰੰਤ ਨਿਰਗੁਣ ਨਿਰਾਕਾਰ ਬ੍ਰਹਮ ਦਾ ਸ੍ਵਰੂਪ, ਮਾਇਆ ਵਿਸ਼ਿਸ਼ਟ ਬ੍ਰਹਮ ਦਾ ਸ੍ਵਰੂਪ, ਮਾਇਆ ਦਾ ਸ੍ਵਰੂਪ, ਜੀਵ, ਈਸ਼ਵਰ ਦਾ ਸ੍ਵਰੂਪ ਅਤੇ ਚਰਾਚਰ ਜਗਤ ਦਾ ਵਰਣਨ ਕੀਤਾ ਹੈ। ਉਸ ਤੋਂ ਬਾਅਦ ਚਾਰ ਜੁਗਾਂ ਦੇ ਅਵਤਾਰਾਂ ਦੀ ਬ੍ਰਹਮ ਨਾਲ ਅਭੇਦਤਾ ਦਿਖਾ ਕਰਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਸਾਂ ਸ੍ਵਰੂਪਾਂ ਦਾ ਸੰਖੇਪ ਕਥਨ ਕਰਦੇ ਹੋਏ ਨਿਰਮਲ ਪੰਥ ਤੇ ਖਾਲਸਾ ਪੰਥ ਦੀ ਈਸ਼ਵਰ ਸ੍ਵਰੂਪ ਗੁਰੂ ਨਾਲ ਅਭੇਦਤਾ ਦਾ ਬਹੁਤ ਸੁੰਦਰ ਵਿਆਖਿਆਨ ਕੀਤਾ ਹੈ ਜਿਸ ਦੇ ਕੁਝ ਅੰਤਲੇ ਸਲੋਕ ਇਥੇ ਲਿਖਦੇ ਹਾਂ:-

स एव गुरुगोविन्दसिंहः शस्त्रभृतांवरः । नवरङ्गं महादुष्टं वाक्खङ्गेन ममारह ॥
गुरुगोविन्दसिंहस्य पंच शिष्या महाधियः । ज्येष्ठस्तेषु दयासिंहो दयासिंधुर्दमान्वित☺।
अन्ये गुरोश्च ये शिष्यास्तेषां नामानि वै शृणु । धर्मसिहश्च साहव्यसिंह एव तथा पुनः ॥
तद्वन्मुहकमः सिंहस्तथा हिम्मत सिंहकः । इमांस्तु श्रद्धया युक्तान् दृष्टवा शिष्यान्स्वयं गुरुः ॥
ते भ्यो भुजबलं दत्वा शस्त्रविद्यां शशास सः । साधुगोद्विजरक्षार्थं युध्यध्वं रणमूर्द्धनि ॥
पंथानं च द्विधा चक्रे सात्विकं राजसं तथा । सात्विकिना यथा चैव वेदरक्षा कृता ध्रुवम् ॥
राजसिना यथाप्येवं गोद्विजौ रक्षितौ तथा । अस्मादस्मिन्कलौ घोरे प्रावर्तते स्वयं हरिः ॥[१]

ਦੂਸਰੇ ਅੰਕ ਵਿਚ ਪ੍ਰਤਿਵਾਦੀ ਦ੍ਵਾਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਸੰਬੰਧੀ ਉਠਾਏ ਗਏ ਸ਼ੰਕਿਆਂ ਦਾ ਉਤਰ ਸਭ ਤੋਂ ਪਹਿਲਾਂ ਆਪ ਜੀ ਨੇ ਮਹਾਂਭਾਰਤ, ਗੀਤਾ ਦੇ ਪ੍ਰਮਾਣ ਦੇ ਕਰਕੇ ਉਸ ਤੋਂ

੧. ਗੁਰੂ ਨਾਨਕ ਰਤਨਾਕਰ ਸਤੋਤ੍ਰ ਪੰਨਾ ੧੯੭ ਪ੍ਰਕਾਸ਼ਕ ਨਿਰਣੇ ਸਾਗਰ ਮੁਦਰਾਲਯ ਮੁੰਬਈ

ਬਾਅਦ ਫ਼ਿਰ ਯੁਕਤੀ ਦੇ ਦੁਆਰਾ ਸਿੱਧ ਕਰਨ ਵਾਸਤੇ ਛੇ ਭਗਾਂ[1] ਸੰਪੰਨ ਭਗਵਾਨ ਦਾ ਸ੍ਵਰੂਪ ਕਥਨ ਕੀਤਾ ਹੈ, ਜੋ ਸਰਵ ਸ਼ਾਸ਼ਤ੍ਰ ਸੰਮਤ ਹੈ । ਇਹ ਛੇ ਭਗਾਂ ਸੰਪੰਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਹਨ । ਇਸ ਦੀ ਸਪਸ਼ਟਤਾ ਵਾਸਤੇ ਗੁਰੂ ਜੀ ਦੇ ਜੀਵਨ ਦੀਆਂ ਕੁਝ ਇਤਿਹਾਸਿਕ ਘਟਨਾਵਾਂ ਦਾ ਵਰਨਣ ਕੀਤਾ ਹੈ ਜੈਸੇ ਕਿ – ਸਰਪ ਨੇ ਛਾਇਆ ਕਰਨੀ, ਉਜੜੀ ਖੇਤੀ ਹਰੀ ਕਰਨੀ, ਬਲੀ ਕੰਧਾਰੀ ਦੁਆਰਾ ਫ਼ੈਂਕੇ ਗਏ ਪਹਾੜ ਨੂੰ ਪੰਜੇ ਨਾਲ ਰੋਕਣਾ, ਨਾਨਕ ਮਤੇ ਸਿਧਾਂ ਨਾਲ ਗੋਸਟ, ਦੇਵ ਲੂਤ ਰਾਕਸ਼ ਦਾ ਉਧਾਰ ਇਤਿਆਦਿ । ਇਸ ਤਰਾਂ ਸੁਣ ਕਰਕੇ ਪ੍ਰਤਿਵਾਦੀ ਨੇ ਕਿਹਾ ਕਿ ਇਹ ਠੀਕ ਹੈ ਆਪ ਨੇ ਲਕਸ਼ਣ ਅਤੇ ਯੁਕਤੀ ਦੁਆਰਾ ਗੁਰੂ ਜੀ ਨੂੰ ਭਗਵਾਨ ਸ੍ਵਰੂਪ ਸਿੱਧ ਕੀਤਾ ਹੈ ਪਰੰਤੂ ਆਪ ਨੇ ਕਿਸੇ ਪੁਰਾਣ ਦਾ ਪ੍ਰਮਾਣ ਨਹੀ ਦਿਤਾ ਕਿਉਂਕਿ ਪੁਰਾਣਾ ਵਿਚ ਭਗਵਾਨ ਦੇ ਸਮੱਗਰ ਅਵਤਾਰਾਂ ਦਾ ਵਰਨਣ ਹੈ । ਪ੍ਰਤਿਵਾਦੀ ਦੀ ਇਸ ਸ਼ੰਕਾ ਦਾ ਸਮਾਧਾਨ ਆਪ ਜੀ ਨੇ ਸਕੰਦ ਪੁਰਾਣ ਵਿਚੋਂ ਬ੍ਰਹਮਾ ਜੀ ਤੇ ਰਾਜਾ ਜਨਕ ਦੇ ਸੰਵਾਦ ਸੰਬੰਧੀ ਕਈ ਸਲੋਕਾਂ ਦਾ ਜ਼ਿਕਰ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਲਯੁਗ ਵਿਚ ਹੋਣ ਵਾਲੇ ਦਸ ਅਵਤਾਰਾਂ ਦਾ ਹਵਾਲਾ ਦੇ ਕਰ ਕੇ ਕੀਤਾ ਹੈ ਯਥਾ:–

कलौ प्राप्ते तदालोको दुराचारेरतो भवेत् । तदा दशावतारो मे भविष्यन्ति कलौ नृप:॥
तत्र नामावतारो मे पञ्चालेषु भविष्यति । कलिदोषहतप्रज्ञ लोकस्योद्धारहेतुक: ॥
क्षत्रियाणां कुलेशुद्धे नानकेति स्वनामत: । अशेषाणां गुरुर्भूत्वा वक्ष्येसिद्धि स्वयं नृणाम् ॥[2]

ਇਸ ਪ੍ਰਕਾਰ ਆਪ ਜੀ ਨੇ ਇਸ ਗ੍ਰੰਥ ਵਿਚ ਲਕਸ਼ਣ, ਯੁਕਤੀ, ਅਨੁਭਵ, ਗੁਰ ਇਤਿਹਾਸ ਔਰ ਸਕੰਦ ਪੁਰਾਣ ਵਿਚੋਂ ਪ੍ਰਮਾਣ ਦੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਾਰਾਇਣ ਸ੍ਵਰੂਪ[3] ਸਿਧ ਕੀਤਾ ਹੈ। ਇਹ ਲਘੂ ਸੰਸਕ੍ਰਿਤ ਨਾਟਕ ਸੰਸਕ੍ਰਿਤ ਸਾਹਿਤਜ ਅਤੇ ਸੰਸਕ੍ਰਿਤਗਜ ਸੱਜਣ ਪੁਰਸ਼ਾਂ ਵਾਸਤੇ ਮਹਾਨ ਉਪਕਾਰ ਹੈ ।

## ਨਿਰਮਲੇ ਸੰਤਾਂ ਦੁਆਰਾ ਰਚਿਤ ਗੁਰੂ ਸਤੁਤੀ ਸਤੋਤ੍ਰ

੧. ਗੁਰੂ ਸਤੋਤ੍ਰ ਤ੍ਰਯਮ ਕ੍ਰਿਤ ਸ੍ਰੀ ਮਾਨ ਪੰ: ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਝਾੜੀ ਵਾਲੇ
੨. ਗੁਰੂ ਨਾਨਕਾਦਿ ਦਸ਼ਾਵਤਾਰ ਸਤੋਤ੍ਰੰ , ਸ੍ਰੀ ਗੁਰੂ ਸਰਵਰਾਜ ਸਤੋਤ੍ਰੰ ,
ਸ੍ਰੀ ਗੁਰੂ ਪਾਰਿਜਾਤ ਸਿਧਾਂਤ ਸਤੋਤ੍ਰੰ ਕ੍ਰਿਤ ਪੰ: ਸ੍ਵਾਮੀ ਹਰਾ ਸਿੰਘ ਜੀ ਕਾਸ਼ੀ
੩. ਸ੍ਰੀ ਗੁਰੂ ਨਾਨਕ ਮਾਧਵ ਸਤੋਤ੍ਰੰ ਕ੍ਰਿਤ ਸ੍ਰੀ ਮਾਨ ਪੰ: ਨਿਹਾਲ ਸਿੰਘ ਜੀ (ਥੋਹਾ ਖਾਲਸਾ)
੪. ਸ੍ਰੀ ਗੁਰੂ ਗੋਬਿੰਦ ਸਿੰਘ ਸਤੋਤ੍ਰੰ ਕ੍ਰਿਤ ਪੰ: ਨਿਹਾਲ ਸਿੰਘ ਜੀ ਸਾਧੂ
੫. ਸ੍ਰੀ ਗੁਰੂ ਨਾਨਕ ਸਤੋਤ੍ਰੰ , ਸ੍ਰੀ ਗੁਰੂ ਗੋਬਿੰਦ ਸਿੰਘ ਅਸ਼ਟਕੰ ਕ੍ਰਿਤ ਪੰ: ਗੋਬਿੰਦ ਸਿੰਘ ਜੀ ਸਾਧੂ
੬. ਸ੍ਰੀ ਗੁਰੂ ਏਕ ਸਲੋਕੀ ਸਤੋਤ੍ਰੰ, ਸ੍ਰੀ ਗੁਰੂ ਨਾਨਕ ਅਸ਼ਟਕੰ ਕ੍ਰਿਤ ਪੰ: ਗੁਰਦਿੱਤ ਸਿੰਘ ਜੀ

ਇਤਿਆਦਿ ਅਨੇਕਾਂ ਸਤੋਤ੍ਰ ਮਹਾਂਪੁਰਖਾਂ ਨੇ ਗੁਰੂ ਸਤੁਤੀ ਵਿਚ ਉਚਾਰਣ ਕੀਤੇ ਹਨ ਜਿਨਾਂ ਵਿਚੋਂ ਕੁਝ ਗੁਰੂ ਸਾਹਿਬਾਂ ਦੇ ਜੀਵਨ ਚਰਿੱਤਰ ਤੇ ਆਧਾਰਿਤ ਹਨ ਅਤੇ ਕੁਝ ਵਿਚ ਗੁਰੂ ਸਾਹਿਬਾਂ ਨੂੰ ਪਰਮ ਪਿਤਾ ਪਰਮਾਤਮਾ ਦੇ ਸਰਗੁਣ ਸ੍ਵਰੂਪ ਦਰਸਾ ਕੇ ਪੁਨਾ ਸਜਾਤੀਯ, ਵਿਜਾਤੀਯ, ਸ੍ਵਗਤਭੇਦ ਸ਼ੂਨਯ

---

१. ऐश्वर्यस्य समग्रस्य धर्मस्य यशसश्रिय: । ज्ञानवैराग्ययोश्चैव षण्णां भग इतीरणा ॥
(१) ऐश्वर्य (२) धर्म (३) यश (४)श्री (५) ज्ञान (६) वैराग्य यह षड भगां सम्पन्न भगवान होते है ।
੨. ਗੁਰੂ ਨਾਨਕ ਰਤਨਾਕਰ ਸਤੋਤ੍ਰ ਪੰਨਾ ੨੦੪ ਪ੍ਰਕਾਸ਼ਕ ਨਿਰਣੇ ਸਾਗਰ ਮੁਦਰਾਲਯ ਮੁੰਬਈ
੩. ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਅੰਗ ੧੩੯੪

ਅਦ੍ਵਿਤੀਯ ਬ੍ਰਹਮ ਨਾਲ ਅਭਿੰਨਤਾ ਪ੍ਰਗਟ ਕੀਤੀ ਹੈ ਉਨ੍ਹਾਂ ਵਿਚੋਂ ਕੁਝ ਦਾ ਦਿਗ ਦਰਸ਼ਨ ਇਥੇ ਕਰਵਾ ਰਹੇ ਹਾਂ ।

੧. ਗੁਰੂ ਸਤੋਤ੍ਰ ਤ੍ਰਯੰ :–

ਇਹ ਲਘੂ ਗ੍ਰੰਥ ਸ਼੍ਰੀ ਮਾਨ ਪੰ: ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਦ੍ਵਾਰਾ ਰਚਿਤ ਹੈ ਇਸ ਵਿਚ ਤਿੰਨ ਸਤੋਤ੍ਰਾਂ ਦਾ ਸੰਗ੍ਰਹ ਹੈ ਪਹਿਲੇ ਸਤੋਤ੍ਰ ਵਿਚ ਵਾਹਿਗੁਰੂ ਮੰਤ੍ਰ ਦੀ ਵਿਉਤਪੱਤੀ ਵਿਆਕਰਣ ਅਨੁਸਾਰ ਕਥਨ ਕਰਕੇ ਸਾਰੇ ਪਾਪਾਂ ਦਾ ਨਾਸ਼ਕ ਵਿਸ਼ੇਸ਼ ਫ਼ਲ ਵਾਲਾ ਮੋਖਸ਼ਦਾਤਾ ਨਿਰੂਪਣ ਕੀਤਾ ਹੈ ।ਇਸ ਸਤੋਤ੍ਰ ਦੇ ੯ਵੇਂ ਸਲੋਕ ਵਿਚ ਆਪ ਜੀ ਲਿਖਦੇ ਹਨ ਕਿ :–

सर्वे पुण्यतमा भवन्ति सुखदा मन्त्रा हरेः सर्वदा ॥
सर्वेषां तु कलौ विशेष फ़लदो मन्त्रो गुरोः सर्वदः ॥
प्लायन्ते यमदूत भीतमनसः श्रुत्वा च मंत्रं सदा ।
ये तं वाहगुरुं जपन्ति हृदये तेभ्यो नरेभ्यो नमः ॥९॥

ਅਰਥ:– ਹਰੀ ਦੇ ਸਾਰੇ ਮੰਤ੍ਰ ਅਤਿਅੰਤ ਪਵਿਤ੍ਰ ਸਦਾ ਸੁਖ ਦੇਣ ਵਾਲੇ ਹਨ ਉਨ੍ਹਾਂ ਸਾਰੇ ਮੰਤ੍ਰਾਂ ਵਿਚੋਂ ਕਲਿਆਣ ਤਥਾ ਵਿਸ਼ੇਸ਼ ਫ਼ਲ ਦੇਣ ਵਾਲਾ ਕਲਯੁਗ ਵਿਚ ਗੁਰੂ ਮੰਤ੍ਰ "ਵਾਹਿਗੁਰੂ" ਹੈ ਇਸ ਮੰਤ੍ਰ ਨੂੰ ਸੁਣ ਕਰਕੇ ਜਮਰਾਜ ਦੇ ਦੂਤ ਭੈ ਭੀਤ ਹੋ ਕੇ ਸਦਾ ਵਾਸਤੇ ਦੌੜ ਜਾਂਦੇ ਹਨ ।[1] ਜੋ ਮਨੁਖ ਐਸੇ ਵਾਹਿਗੁਰੂ ਮੰਤ੍ਰ ਦਾ ਹਿਰਦੇ ਵਿਚ ਜਾਪ ਕਰਦੇ ਹਨ ਉਨ੍ਹਾਂ ਮਨੁਖਾਂ ਨੂੰ ਨਮਸਕਾਰ ਹੈ ।

ਦੂਸਰੇ ਸਤੋਤ੍ਰ ਵਿਚ ਆਪ ਜੀ ਨੇ ਦਸਾਂ ਗੁਰੂ ਸਾਹਿਬਾਨਾਂ ਦੇ ਪ੍ਰਤਿ ਇਕ–ਇਕ ਸਿਖਰਣੀ ਛੰਦ ਉਚਾਰਣ ਕਰਕੇ ਗੁਰੂ ਸਾਹਿਬਾਂ ਦੇ ਜੀਵਨ ਚਰਿੱਤਰ ਦੀ ਮਹਿਮਾ ਕਰਦੇ ਹੋਏ ਬੜੇ ਸੁੰਦਰ ਭਾਵ ਪ੍ਰਗਟ ਕੀਤੇ ਹਨ।

ਤੀਸਰੇ ਸਤੋਤ੍ਰ ਵਿਚ ਦਸ "ਸਾਰਦੂਲ ਵਿਕੀਰਡਿਤ" ਛੰਦਾਂ ਦ੍ਵਾਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਵਰਨਣ ਕੀਤੀ ਹੈ। ਜਿਨ੍ਹਾਂ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਰਵ ਪਾਪ ਨਾਸ਼ਕ, ਅੰਤਹ ਕਰਣ ਦੇ ਦੋਸ਼ਾਂ ਨੂੰ ਹਰਣ ਵਾਲੀ, ਅਵਿਦਿਆ ਦੀ ਨਵਿਰਤੀ ਕਰਨ ਵਾਲੀ ਦਸਾਂ ਗੁਰੂਆਂ ਦਾ ਸਾਖਸ਼ਾਤ[2] ਸ੍ਵਰੂਪ ਪ੍ਰਤਿਪਾਦਨ ਕੀਤਾ ਹੈ। ਜਿਸ ਤਰਾਂ ਤੀਸਰੇ ਸਲੋਕ ਵਿਚ ਆਪ ਜੀ ਦਾ ਕਥਨ ਹੈ ਕਿ :–

यो माया भवबीजभर्जनकरो दाता च नः सम्पदाम् ।
मूढानामपि बोधकारकपरः कामादि निस्तर्जकः ॥
यं श्रुत्वा मनसा लभेत कुशलो मोहादि हानं परम्।
वन्दे तं गुरु नानकादि रचितं ग्रन्थं परं पावनम् ॥३॥

ਅਰਥਾਤ :– ਸੰਸਾਰ ਬੀਜ ਮਾਇਆ ਦੇ ਨਾਸ਼ਕ ਤਥਾ ਅਸਾਨੂੰ ਸੁਖ ਸੰਪਤੀ ਦੇਣ ਵਾਲੇ, ਮੂਰਖਾਂ ਨੂੰ ਵੀ ਗਿਆਨ ਪ੍ਰਦਾਨ ਕਰਨ ਵਾਲੇ, ਕਾਮ ਆਦਿ ਵਿਕਾਰਾ ਦਾ ਨਿਰੰਤਰ ਨਾਸ ਕਰਨ ਵਾਲੇ,ਜਿਨ੍ਹਾਂ ਦੀ ਬਾਣੀ ਨੂੰ ਮਨ ਲਗਾ ਕਰਕੇ ਸੁਣਨ ਨਾਲ ਬੁਧੀਮਾਨ ਪੁਰਸ਼ ਮੋਹ ਆਦਿ ਵਿਕਾਰਾਂ ਦਾ ਨਾਸ਼ ਕਰਦੇ ਹਨ । ਜੋ ਗੁਰੂ ਨਾਨਕ ਦੇਵ ਜੀ ਆਦਿ ਗੁਰੂਆਂ ਦੇ ਦ੍ਵਾਰਾ ਰਚਿਤ ਹੈ ਐਸੇ ਪਰਮ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

੧. ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ ਣਾ ਹ ਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ ਅੰਗ ੨੫੬
੨. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਅੰਗ ੯੮੨

ਨੂੰ ਮੈਂ ਬੰਦਨਾਂ ਕਰਦਾ ਹਾਂ । ਇਹ "ਗੁਰੂ ਸਤੋਤ੍ਰ ਤ੍ਰਯੰ" ਨਾਮਕ ਗ੍ਰੰਥ ਸ੍ਰੀ ਮਾਨ ਪੰ: ਪ੍ਰੇਮ ਸਿੰਘ ਜੀ ਦੁਆਰਾ ਪਰਮ ਪਵਿਤ੍ਰ ਧਰਤੀ ਰਿਸ਼ੀਕੇਸ਼ ਗੰਗਾ ਜੀ ਦੇ ਕਿਨਾਰੇ ਬਿਕ੍ਰਮੀ ਸੰਮਤ ੧੯੬੯ ਨੂੰ ਸੰਪੂਰਨ ਹੋਇਆ । ਜਿਸ ਨੂੰ ਸ੍ਰੀ ਮਾਨ ਮਹੰਤ ਬੁੱਢਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਦੇ ਸ਼ਿਸ਼ ਤਯਾਗ ਮੂਰਤੀ ਅਵਧੂਤ ਜੈਮਲ ਸਿੰਘ ਜੀ ਨੇ ਸੰਮਤ ੧੯੭੨ ਨੂੰ ਛਪਵਾਇਆ ਇਸ ਦਾ ਪੁਨਾ ਸੰਸਕਰਣ ਸੰਮਤ ੨੦੧੮ ਬਿਕ੍ਰਮੀ ਨੂੰ ਸ੍ਰੀ ਮਾਨ ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼੍ਰਮ ਵਾਲਿਆਂ ਨੇ ਕਰਵਾਇਆ ।

ਉਪਸੰਹਾਰ :– ਨਿਰਮਲ ਸੰਪ੍ਰਦਾਯ ਵੱਲੋਂ ਅਲੱਗ–ਅਲੱਗ ਪਹਿਲੂਆਂ ਦੁਆਰਾ ਸੰਸਕ੍ਰਿਤ ਸਾਹਿਤਯ ਨੂੰ ਦਿਤਾ ਹੋਇਆ ਯੋਗਦਾਨ ਅਕਥਨੀਯ ਹੈ । ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿਚ ਬੜੇ–ਬੜੇ ਧਾਰਮਿਕ ਤੀਰਥ ਸਥਾਨਾਂ ਤੇ ਜਾ ਕਰਕੇ ਸੰਸਕ੍ਰਿਤ ਪਠਿਤ ਅਨਯ ਮਤਾਵਲੰਬੀ ਵਿਦੁਆਨਾਂ ਨਾਲ ਸ਼ਾਸ਼ਤ੍ਰ ਚਰਚਾ ਦੁਆਰਾ ਗੁਰਬਾਣੀ ਦੀ ਵਿਸ਼ਾਲਤਾ ਔਰ ਗੁਰਮਤਿ ਸਿਧਾਂਤਾ ਦੀ ਮਹਿਮਾ ਨੂੰ ਦਰਸਾਉਣਾ ਨਿਰਮਲੇ ਵਿਦੁਆਨਾ ਦਾ ਮੁਖ ਉਦੇਸ਼ ਰਿਹਾ ਹੈ । ਜਿਸ ਨੂੰ ਉਹਨਾਂ ਨੇ ਸੰਸਕ੍ਰਿਤ ਸਾਹਿਤਯ ਰੂਪੀ ਮਾਧਿਅਮ ਦੁਆਰਾ ਸਾਕਾਰ ਕਰਨ ਦਾ ਮਹਾਨ ਯਤਨ ਕੀਤਾ ਹੈ ਜੋ ਕਿ ਆਪਣੇ ਆਪ ਵਿਚ ਇਕ ਮਿਸਾਲ ਹੈ । ਨਿਰਮਲ ਸੰਪ੍ਰਦਾਯ ਤਰਫ਼ੋਂ ਅਲੱਗ–ਅਲੱਗ ਤਰੀਕਿਆਂ ਦੁਆਰਾ ਗੁਰਮਤਿ ਦੇ ਖੇਤਰ ਵਿਚ ਪਾਏ ਹੋਏ ਯੋਗਦਾਨ ਨੂੰ ਜਾਗ੍ਰਿਤ ਕਰਨ ਲਈ ਇਸ ਸੈਮੀਨਾਰ ਦਾ ਆਯੋਜਨ ਮਹਾਂਪੁਰਖਾਂ ਵੱਲੋਂ ਇਕ ਮਹਾਨ ਉਪਰਾਲਾ ਹੈ ਜਿਸ ਦੀ ਕਿ ਅਜੋਕੇ ਸਮੇਂ ਵਿਚ ਅਤਿਅੰਤ ਆਵਸ਼ਕਤਾ ਹੈ । ਇਸ ਕਰਕੇ ਆਪਣਾ ਸਾਰਿਆਂ ਦਾ ਇਹ ਦਾਇਤਵ ਬਣਦਾ ਹੈ ਕਿ ਐਸੇ ਉਪਰਾਲੇ ਉਤਸ਼ਾਹ ਪੂਰਵਕ ਕੀਤੇ ਜਾਣ ਜਿਨ੍ਹਾਂ ਦੁਆਰਾ ਉਹਨਾਂ ਮਹਾਂਪੁਰਖਾਂ ਦੀ ਵਿਰਾਸਤ ਨੂੰ ਸਦਾ ਵਾਸਤੇ ਜਾਗ੍ਰਿਤ ਰੱਖਿਆ ਜਾ ਸਕੇ । ਆਸ ਕਰਦੇ ਹਾਂ ਕਿ ਇਸ ਮਹਾਨ ਵਿਸ਼ੇ ਤੇ ਵਿਚਾਰ ਕਰਦਿਆਂ ਦਾਸਾਂ ਕੋਲੋਂ ਹੋਈਆਂ ਭੁਲਾਂ–ਗਲਤੀਆਂ ਨੂੰ ਵਿਦੁਆਨ ਸੱਜਣ ਸੋਧ ਕਰਕੇ ਪੜਨ ਦਾ ਯਤਨ ਕਰਨਗੇ ।

ਸੰਤ ਦਰਸ਼ਨ ਸਿੰਘ ਸ਼ਾਸ਼ਤ੍ਰੀ
ਸੰਤ ਜਸਵਿੰਦਰ ਸਿੰਘ ਸ਼ਾਸ਼ਤ੍ਰੀ
ਸੰਤ ਸਤਨਾਮ ਸਿੰਘ ਸ਼ਾਸ਼ਤ੍ਰੀ
ਸ੍ਰੀ ਨਿਰਮਲ ਪੰਚਾਇਤੀ ਅਖਾੜਾ ਸੀ.ਕੇ
੧੩/੧੨ ਸੱਤੀ ਚੌਤਰਾ ਵਾਰਾਣਸੀ (ਕਾਂਸ਼ੀ)
ਫ਼ੋਨ–੦੫੪੨੨੪੦੦੩੬੬ ਮੋਬਾ. ੦੯੪੫੧੮੯੪੩੮੩

## ਫ਼ੁਟ ਨੋਟ

ਡਾ. ਮਹੀਪ ਸਿੰਘ ੧੯੮੧ ਨਿਰਮਲ ਸੰਪ੍ਰਦਾਯ ਦੀ ਹਿੰਦੀ ਸਾਹਿਤ੍ਯ ਨੂੰ ਦੇਣ,ਨਿਰਮਲ ਸੰਪ੍ਰਦਾਯ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ੨੬੭

१ साहित्यसंगीतकला विहीनः, साक्षात्पशुः पुच्छ विषाणहीनः ।

तृणन्नखादन्नपि जीवमानस्तद् भागधेयं परमं पशूनाम् ।।नीति शतक  भर्तृहरि

੩ ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥  (ਬਚਿਤਰ ਨਾਟਕ)

੪ ਯਾ ਬਿਧਿ ਜਬਿ ਗੁਰੁ ਬੈਨ ਉਚਾਰੇ । ਮਾਨੇ ਸਹੀ ਸਿੱਖਨਿ ਦਿੜ੍ਹ ਧਾਰੇ ॥ ਤਬ ਹੀ ਬਸਨ ਕਖਾਇ ਸਜੈ ਕੈ । ਬਰ ਆਗਜ੍ਯਾ ਸਤਿਗੁਰੁ ਤੈ ਲੈ ਕੈ ॥ ਭਾਈ ਗੰਡਾ ਕਰਮਾ ਸੈਣਾ । ਭਾਈ ਬੀਰਾ ਰਾਮਾ ਐਣਾ ॥ ਜੋ ਫ਼ਿਰ ਸਤਿਗੁਰੁ ਸਿੰਘ ਸਜਾਏ । ਇਨ ਹੀ ਨਾਮੋ ਪਰ ਬਿਦਤਾਏ ॥ ਪਹੁੰਚੇ ਕਾਂਸ਼ੀ ਪੁਰੀ ਉਦਾਰੇ । ਚੇਤਨ ਮੱਠ ਮੈਂ ਰਹੇ ਵਿਚਾਰੇ ॥ ਸਾਧੁ ਨਿਰਮਲੇ ਤਹਿਂ ਬਿਦਤਾਏ । ਬਿਦ੍ਯਾ ਪਢੀ ਅਧਿਕ ਮਨ ਲਾਏ ॥      ਪੰਥ ਪ੍ਰਕਾਸ਼ ਉ. ਬਿਸ੍ਰਾਮ ੫੮

੫ ਪੁਨ ਗੁਰੁ ਸੰਸਕ੍ਰਿਤ ਤੈ ਭਾਸ਼ਾ । ਉਨ ਤੈ ਗ੍ਰੰਥ ਕ੍ਰਏ ਅਨ੍ਯਾਸਾ ॥ ਉਪਨਿਸ਼ਦੈਂ ਸੁ ਭਾਗਵਤ ਭਾਰਥ । ਸ਼ੁੱਕਰਨੀਤੀ,ਆਗਮ ਸਾਰਥ ॥ ਕਰਮ–ਵਿਪਾਕ ਧਰਮ ਸਾਬੰਧੀ । ਰੁੱਦਰ ਯਾਮਲ, ਤੰਤ੍ਰ–ਸੰਧੀ ॥ ਭਾਸ਼ਾ ਕੀਨੇ ਇਤਿਕ ਬਿਸਾਲੈਂ । ਜੋਊ ਅਨੰਦਪੁਰ ਛੋਡਨ ਕਾਲੈਂ ॥ ਉਹੀ

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ ਅੰਗ ੨੫੬

ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਅੰਗ ੧੩੯੪

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਅੰਗ ੯੮੨

द्रव्य–गुण–कर्म–सामान्य–विशेष–समवाया–ऽभावाः सप्त पदार्थाः (तर्क संग्रहः)

### मनुष्यादि     रामकृष्णेश्वरादि

गुरु गिरा रुपान्तर पृष्ठ  मरकनटायल प्रेस लाहौर

### सर्वे पुण्यतमा भवन्ति सुखदा मन्त्रा हरेः सर्वदा ॥

वेदान्त परिभाषा

कुर्वन्तः सत्कृतिं सन्तः संस्मरन्ति यमव्ययम् ।
येन केनाभिधानेन वन्द्योऽसौ नानको गुरुः ॥
मूढस्तु मूढ एवास्ति तत्त्वज्ञस्त्वस्ति तत्त्ववित् ।
तस्मादर्धप्रबुद्धा ये ते सन्त्यत्राधिकारिणः ॥

मूल

जीवाश्रयाब्रह्मपदाह्यविद्यातत्त्वविन्मता ।
तद्विरुद्धमिदंवाक्यमात्मात्वज्ञानगोचरः ॥३॥

भाषा अनुवाद

चौपईः– जीवाश्रित औ ब्रह्म विषैनी । आहि अविद्या बुधजन बैनी ॥
अज्ञान विषय आत्म पुन गायो । तत विरुद्ध यह वचन न भायो ॥

हिन्दी टीकाः–

ब्रह्म को स्वयं प्रकाश होने से तिस में अज्ञान की विषयता नहीं संभवती यह पूर्ववादी ने कथन किया सो असंगत है । क्योंकि अविद्या की कल्पना करने वाले जीव के प्रति वह ब्रह्म स्वयं प्रकाश रुपता से सम्यकभान नही होता । और जिसके ज्ञान से मोक्ष हो तिसके अज्ञान से बंध होता है यह निर्विवाद है । और ब्रह्म के ज्ञान से मोक्ष होता है ।

तर्कसंग्रहः
निधाय हृदि विश्वेशं विधाय गुरुवन्दनम् । बालानां सुखबोधाय क्रियते तर्कसंग्रहः ॥
पदकृत्यम्
विश्वेशं=जगत्कर्तारं, श्रीसाम्बमूर्तिं, हृदि=मनसि, निधाय=नितरां धारयित्वा, गुरुवन्दनं च, विधाय्= कृत्वेत्यर्थः । बालेति । अत्राऽधीतव्याकरणकाव्यकोषः अनधीतन्यायशास्त्रो बालः । व्यासादौ अतिव्याप्तिवारणाय अनधीतन्यायेति । स्तनन्धयेऽतिप्रसक्तिवारणाय अधीतव्याकरणेति ।सुखेति । सुखेन= अनायासेन्, बोधाय= पदार्थतत्त्वज्ञानायेत्यर्थः । तर्क्यन्ते= प्रमितिविषयीक्रियन्ते, इति तर्काः= द्रव्यादि–पदार्थाः, तेषां संग्रहः= संक्षेपेणोद्दोश–लक्षणपरीक्षा, यस्मिन् स ग्रन्थः । नाममात्रेण वस्तुसङ्कीर्तनम् उद्देशः, यथा–द्रव्यं गुण इति । असाधारण–धर्मो लक्षणम् । यथा–गन्धवत्त्वं पृथिव्याः । लक्षणम् सम्भवति न वेति विचारः परीक्षा । अत्र उद्देशस्य फ़लं पक्षज्ञानं, लक्षणस्य इतरभेदज्ञानं, लक्षणो दोषपरिहारः परीक्षायाः फ़लमिति मन्तव्यम् ।
तर्कसंग्रहः पृष्ठ १ चौखम्भा सुरभारती प्रकाशन वाराणसी

यथाः– ब्रह्मवेदब्रह्मैवभवति****

ਗੁਰੂ ਨਾਨਕ ਰਤਨਾਕਰ ਸਤੋਤ੍ਰ ਪੰਨਾ ਪ੍ਰਕਾਸ਼ਕ ਨਿਰਣੇ ਸਾਗਰ ਮੁਦਰਾਲਯ ਮੁੰਬਈ

ऐश्वर्यस्य समग्रस्य धर्मस्य यशसश्रियः ।ज्ञानवैराग्ययोश्चैव षण्णां भग इतीरणा ॥१ ऐश्वर्य २ धर्म ३ यश ४श्री ५ ज्ञान ६ वैराग्य यह षड भगां सम्पन्न भगवान होते है
लोके केचिद् वदन्ति वाहगुरुरिति ब्रह्मबोधक–मन्त्ररूप–पदोच्चारणं निस्फ़लमस्ति भाषात्मकत्वादिति ? पुनः वाहगुरुरिति मन्त्रस्य वेदशास्त्राऽनन्तर–गताऽत्मकत्वमपि वर्तते ? पुनश्च वाहगुरु–रित्येतन्मन्त्रस्य व्याकरणन्याय–वेदान्तादि रीत्या किमाकारकोऽर्थोऽस्ति ?
गुरुमन्त्रार्थ प्रकाश पृष्ठ ७ बाम्बे मैशीन प्रैस लाहौर १९०१ ई.

ਉਸੀ ਵਕਤ ਪੂਰਬ ਦੇਸ਼ ਰਿਆਸਤੋਂ ਕੇ ਬੀਚ ਸ਼ਾਸ਼ਤ੍ਰਾਰਥ ਹੋਨੇ ਕਰਕੇ ਵਾਹਿਗੁਰੂ ਮੰਤ੍ਰ ਕੀ ਵਿਆਖਿਆ ਕੀ ਰਚਨਾਂ ਕਰੀ ਰਹੀ ਥੀ । ਗੁਰੂ ਮੰਤ੍ਰਾਰਥ ਪ੍ਰਕਾਸ਼ ਉਸੀ ਗ੍ਰੰਥ ਕਾ ਨਾਮ ਕਹਾ ਜਤਾ ਹੈ ।
(ਸੂ ਸੂਪਨ ਨਾਟਕ ਪੰਨਾ ੧੩ )